Wherever they may see, your splendour is visible,
And those with rent heart are sufficed to have a perception of your countenance.(2)

They have renounced their lives for your magnanimous attributes,
And they apply your fragrance to enliven the inert ones.(3)

Your semblance is the epitome of godly phenomenon,
And they behold the image of Almighty through your visage.(4)
Those, with raven hearts and devoid of vision, are not constrained,
They bring round the sun to relate it to your delineation.(5)

In your fondness, the crazy enthusiasts fill the world with clamour,
And they even relinquish hundreds of lives for the sake of just one strand of your hair.(6)
When the resplendence from under your veil, spreads your brilliance,
In every direction your splendour is deliberated on.(7)

Allured by your fondness, Goya is reflecting upon you,
Because he takes melodic sweetness from the fragrance of your diction.(8)(22)

# ਗ਼ਜ਼ਲ 23

ਐ, ਕਿ ਤੇਰੀ ਅੱਖਾਂ ਦੀ ਗਰਦਿਸ਼ ਤਾਂ ਦਿਨਾਂ ਵਿਚ ਵੀ ਨਹੀਂ,
ਆਸਮਾਨ ਦਾ ਸੂਰਜ ਤੇਰੇ ਮੁਖੜੇ ਦੇ ਸਾਮ੍ਹਣੇ ਰਤਾ ਅਰਥ ਨਹੀਂ ਰਖਦਾ।(1)

ਮੌਤ ਦੇ ਹੇੜੀ ਆਸ਼ਕ ਦੇ ਦਿਲ ਨੂੰ ਫੜਨ ਲਈ
ਤੇਰੀ ਜ਼ੁਲਫ ਦੇ ਫੰਧੇ ਵਰਗਾ ਹੋਰ ਕੋਈ ਜਾਲ ਨਹੀਂ ਰਖਦਾ।(2)

ਇਸ ਬਹੁ-ਮੁੱਲੀ ਉਮਰ ਨੂੰ, ਅਖੀਰ,ਗਨੀਮਤ ਸਮਝ,
ਅਸਾਂ ਕੋਈ ਅਜਿਹੀ ਸਵੇਰ ਨਹੀਂ ਵੇਖੀ, ਜਿਸ ਦੀ ਸ਼ਾਮ ਨਾ ਹੋਈ ਹੋਵੇ।(3)

ਮੈਂ ਕਦ ਤਕ ਆਪਣੇ ਦਿਲ ਨੂੰ ਦਿਲਾਸਾ ਦਿਆਂ ,
ਤੇਰਾ ਮੁਖੜਾ ਵੇਖੇ ਬਿਨਾ ਦਿਲ ਨੂੰ ਚੈਨ ਨਹੀਂ ਆਉਂਦੀ ।(4)

ਇਸ ਮੋਤੀ ਵਸਾਉਣ ਵਾਲੀ ਅੱਖ ਨੂੰ, ਐ ਗੋਯਾ,
ਜਿਹੜੀ ਕਿ ਸਮੁੰਦਰ ਬਣ ਗਈ ਹੈ,
ਦਿਲ ਨੂੰ ਆਰਾਮ ਪਹੁੰਚਾਉਣ ਵਾਲੇ ਤੇਰੇ ਮੁਖੜੇ ਬਿਨ਼ਾ ਆਰਾਮ
ਨਹੀਂ।(5)(23)

# Ghazal Twenty-three

Oh, you, that your astral eyes, are not bound by the temporal domains,
And even the sun in the sky becomes insignificant when it faces you.(1)

To catch the lover’s heart, the hunting sweetheart,
Needs nothing but the halter of your tresses.(2)

At least, consider this life as benevolence,
As we have not come across any morning which culminates not in an evening.(3)

How long may I console my mind?
Because, without your glimpse, I feel not any alleviation.(4)

Goya, the eye, which sprinkled pearls, has turned into a river,
Because there is no solace without the vision of your comforting semblance.(5)(23)

# ਗ਼ਜ਼ਲ 24

ਜਦ ਤਕ ਤੇਰੇ ਜਾਨ ਵਧਾਉਣ ਵਾਲੇ ਲਾਲ ਹੋਠ ਬੋਲਦੇ ਨਹੀਂ,
ਸਾਡੇ ਦਰਦਾਂ ਦੀ ਦਵਾ ਵੀ ਪੈਦਾ ਨਹੀਂ ਹੋ ਸਕਦੀ।(1)

ਪਿਆਸੇ ਹੋਠਾਂ ਨੂੰ ਤੇਰੇ ਹੋਠਾਂ ਦੇ ਅੰਮ੍ਰਿਤ ਦੀ ਲਾਲਸਾ ਹੈ,
ਸਾਡੀ ਤਸੱਲੀ ਖਿਜ਼ਰ ਜਾਂ ਮਸੀਹਾ ਤੋਂ ਭੀ ਨਹੀਂ ਹੋ ਸਕਦੀ।(2)

ਸਾਨੂੰ ਅਜੇਹਾ ਦਿਲ ਦਾ ਦਰਦ ਲਗਾ ਹੋਇਆ ਹੈ, ਕਿ ਜਿਸ ਦਾ ਕੋਈ
ਇਲਾਜ ਨਹੀਂ।
ਜਦ ਤਕ ਅਸੀਂ ਜਾਨ ਨਹੀਂ ਦੇ ਦਿੰਦੇ ਆਰਾਮ ਨਹੀਂ ਹੋ ਸਕਦਾ।(3)

ਮੈਂ ਆਖਿਆ, ਤੇਰੀ ਇਕ ਨਿਗਾਹ ਬਦਲੇ ਅਸੀਂ ਜਾਨ ਹਾਜ਼ਿਰ ਕਰਦੇ ਹਾਂ,
ਉਸ ਆਖਿਆ,ਸਾਡੇ ਤੁਹਾਡੇ ਵਿਚਕਾਰ(ਅਜਿਹਾ) ਸੌਦਾ ਨਹੀਂ ਹੋ
ਸਕਦਾ।(4)

ਚੰਨ ਵਰਗੇ ਸੋਹਣਿਆਂ ਦੀਆਂ ਗੰਢਾਂ ਲਗੀਆਂ ਜ਼ੁਲਫਾਂ ਦੀ ਲਾਲਸਾ ਵਿਚ
ਮੈਂ ਜਾਂਦਾ ਤਾਂ ਹਾਂ, ਪਰ ਮੇਰੇ ਦਿਲ ਦੀ ਗੰਢ(ਤੇਰੇ ਬਾਝੋਂ) ਨਹੀਂ ਖੁਲ੍ਹਦੀ
।(5)

ਜਦ ਤੱਕ ਕਿ ਸਾਡੀ ਅੱਖ ਤੇਰੀ ਯਾਦ ਵਿਚ ਸਾਗਰ ਨਹੀਂ ਬਣ ਜਾਂਦੀ,
ਅਸੀਂ ਮੁਰਾਦ ਦੀ ਕੰਧ ਤੌਂ ਵਾਕਿਫ ਨਹੀਂ ਹੋ ਸਕਦੇ।(6)

ਤੇਰੀ ਉਡੀਕ ਵਿਚ ਮੇਰੀਆਂ ਅੱਖਾਂ ਵੀ ਅੰਨ੍ਹੀਆਂ(ਚਿਟੀਆਂ) ਹੋ ਗਈਆਂ
ਹਨ,
ਮੈ ਕੀ ਕਰਾਂ,ਕਿਉਂਕਿ ਤੇਰੇ ਬਿਨਾ ਮੇਰੀ ਢਾਰਸ ਨਹੀਂ ਹੋ ਸਕਦੀ।(7)(24)

# Ghazal Twenty-four

Till the time your life endowing red lips speak,
There can descend no remedy for our aches.(1)

The thirsty lips are yearning for your nectarous lips,
As they can be quenched not through Khizr (aquatic-god) or, even,
Maseeha the Saviour.(2)

The heartache, we have gained, has no remedy,
And no contentment is there till the life is consumed.(3)

I declared to offer my being, to gain just one of her twinkles,
But she said, no bargaining can come between you and me.(4)

With an obsession to be in the interlaced tresses of the sweetheart,
I go, but the cluster of my heart untangles not without you.(5)

We cannot perceive the extent of the shore of desire,
Till the time our eyes emerge not as a sea.(6)

Goya, in your recollection, even my eyes have become bloodless,
What can I do ? There is no consolation without you.(7)(24)

# ਗ਼ਜ਼ਲ 25

ਜੇ ਕਰ ਤੂੰ ਚੌਧਵੀਂ ਦਾ ਚੰਨ-ਮੁਖੜਾ ਵਿਖਾ ਦੇਵੇਂ ਤਾਂ ਕੀ ਹਰਜ ਏ?
ਜੇਕਰ, ਮੇਰੇ ਚੰਨਾ! ਅਜ ਰਾਤ ਮੁਖ ਵਿਖਾ ਦੇਵੇਂ, ਤਾਂ ਭਲਾ ਕੀ ਹਰਜ ਏ?(1)

ਇਹ ਸਾਰਾ ਜਹਾਨ ਤੇਰੀ ਜ਼ੁਲਫ ਦਾ ਕੈਦੀ ਹੈ,
ਇਕ ਛਿਨ ਲਈ ਜੇ ਕਰ ਤੂੰ ਇਸ ਦੀ ਗੰਢ ਖੋਲ੍ਹ ਦੇਵੇਂ ਤਾਂ ਕੀ ਹਰਜ ਏ?(2)

ਸਾਰੀ ਦੁਨੀਆਂ ਤੇਰੇ ਬਿਨਾ ਅੰਨ੍ਹੇਰੀ ਹੋ ਗਈ ਹੈ,
ਸੂਰਜ ਵਾਂਗ ਜੇ ਕਰ ਤੂੰ ਨਿਕਲ ਆਵੇਂ, ਤਾਂ ਕੀ ਹਰਜ ਏ?(3)

ਇਕ ਛਿਨ ਲਈ ਆ, ਅਤੇ ਮੇਰੀਆਂ ਦੋਹਾਂ ਅਖਾਂ ਵਿਚ ਆ ਕੇ ਬਹਿ ਜਾ,
ਹੇ ਦਿਲ ਲੇ ਜਾਣ ਵਾਲੇ, ਜੇ ਕਰ ਤੂੰ ਅਖਾਂ ਵਿਚ ਬਹਿ ਜਾਵੇਂ, ਤਾਂ ਕੀ ਹਰਜ ਏ?(4)

ਇਸ ਤੇਰੇ ਕਾਲੇ ਤਿਲ(ਦੇ ਬੁੱਤ) ਨੂੰ, ਜਿਹੜਾ ਤੇਰੇ ਮੁਖੜੇ ਦਾ ਸ਼ੁਦਾਈ ਹੈ,
ਜੇ ਕਰ ਤੂੰ ਕੁਲ ਖੁਦਾਈ ਦੇ ਬਦਲੇ ਵੇਚ ਦੇਵੇਂ, ਤਾਂ ਕੀ ਹਰਜ ਏ।(5)

ਤੂੰ ਮੇਰੀਆਂ ਅੱਖਾਂ ਵਿਚ ਪਿਆ ਵਸਦਾ ਹੈਂ, ਫਿਰ ਮੈਂ ਕਿਸ ਨੂੰ ਢੂੰਡ ਰਿਹਾਂ ਹਾਂ,
ਅਦਿਖ ਦੇ ਪਰਦੇ ਵਿਚੋਂ ਜੇ ਕਰ ਆਪਣਾ ਮੁਖੜਾ ਵਿਖਾ ਦੇਵੇਂ, ਤਾਂ ਕੀ ਹਰਜ ਏ?(6)

ਗੋਯਾ, ਹਰ ਪਾਸੇ ਤੇਰੀ ਸੂਹ ਲੱਭ ਰਿਹਾ ਹੈ,
ਜੇ ਕਰ ਰਾਹ ਭੁਲੇ ਹੋਏ ਨੂੰ ਰਾਹ ਵਿਖਾ ਦੇਵੇਂ, ਤਾਂ ਕੀ ਹਰਜ ਏ?(7)(25)

# Ghazal Twenty-five

What, if you show your semblance, which is quintessence of the full moon?
Then, Oh, My Moon, what will you lose meeting me this evening?(1)

The whole world is the prisoner of your tresses,
And if you untie it, would it harm you?(2)

The whole world is plunged in the darkness without you,
And if you appear like the sun, would it harm you?(3)

Come, may be momentarily, and posture in my vision,
O, you, the filcher of my heart, if you engross my perceptions, would it harm you?(4)

This black mole, which is relishing your face,
If you trade it for humanity, would it harm you?(5)

You are subsisting in my vision, then, whom am I searching for?
If you advent from behind this curtain of invisibility, would it harm you?(6)

Goya is searching for you in all the directions,
If you make him visualise the way, would it harm you?(7)(25)

# ਗ਼ਜ਼ਲ 26

ਕਦਮ ਉਹ ਹੀ ਚੰਗਾ ਹੈ, ਜਿਹੜਾ ਰੱਬ ਦੇ ਰਾਹ ਤੇ ਚੁਕਿਆ ਜਾਵੇ,
ਜੀਭਾ ਉਹੀ ਭਲੀ ਹੈ, ਜਿਹੜੀ ਰੱਬ ਦੇ ਸਿਮਰਨ ਵਿਚ ਸੁਖ ਜਾਣੇ।(1)

ਜਿੱਧਰ ਵੀ ਮੈਂ ਦੇਖਦਾ ਹਾਂ, ਮੇਰੀਆਂ ਅੱਖਾਂ ਵਿਚ ਕੁਝ ਸਮਾਉਂਦਾ ਨਹੀਂ,
ਹਮੇਸ਼ਾਂ ਉਸ ਦੇ ਨਕਸ਼ ਹੀ ਸਾਡੀਆਂ ਅੱਖਾਂ ਵਿਚ ਸਮਾਏ ਰਹਿੰਦੇ ਹਨ।(2)

ਪੂਰੇ ਗੁਰੂ ਦੀ ਬਖਸ਼ਿਸ਼ ਨਾਲ ਅਖੀਰ ਮੈਨੂੰ ਇਹ ਗਿਆਨ ਹੋ ਗਿਆ,
ਕਿ ਦੁਨੀਆਂ ਦੇ ਲੋਕ ਸਦਾ ਗਮ ਅਤੇ ਫਿਕਰ ਵਿਚ ਫਸੇ ਰਹਿੰਦੇ ਹਨ।(3)

ਕਿੰਨਾ ਭਾਗਾਂ ਵਾਲਾ ਹੈ ਉਸ ਦਿਲ ਦਾ ਮਾਲਕ, ਜਿਸ ਦੀ ਆਤਮਾ ਰੌਸ਼ਨ ਹੈ ਅਤੇ ਜੋ ਪੂਰਾ ਗਿਆਨਵਾਨ ਹੈ,
ਅਤੇ ਜਿਸ ਦਾ ਮੱਥਾ ਰੱਬ ਦੀ ਦਰਗਾਹ ਤੇ ਨਿਵੰਦਾ ਹੋਵੇ।(4)

ਕੁਰਬਾਨੀ ਲਈ ਉਸ ਦੀ ਗਲੀ ਉਦਾਲੇ, ਐ ਗੋਯਾ,ਫਿਰਦਾ ਰਹੁ ਅਤੇ ਸ਼ੇਖੀ ਨਾ ਮਾਰ,
ਮੈਨੂੰ ਤਾਂ ਉਸ ਦੀਆਂ ਅੱਖਾਂ ਦੇ ਇਸ਼ਾਰੇ ਦਾ ਹੁਕਮ ਮਿਲਣਾ ਚਾਹੀਦਾ ਹੈ।(5)(26)

# Ghazal Twenty-six

The walk, which leads to the godly avenues, is gracious,
And the tongue, in meditation of Celestial Name, is auspicious.(1)

Whatever the way around me I see, it is beyond my perception,
As, always, his own countenance is projecting over my vision.(2)

Through the perfect preceptor, at last, I attained this enlightenment,
That the humankind is always drenched in the anxieties.(3)

Fortunate is that heart-owner, whose conscience is illuminated and is brimming with the knowledge,
And who, by bowing at the celestial portal, pays his obeisance.(4)

Sacrifice your head (ego), Oh Goya, go and roam around his boulevard sans a boast,
As he has enlightened me for this, through just one of his winks.(5)(26)

# ਗ਼ਜ਼ਲ 27

ਹਜ਼ਾਰਾਂ ਜੜਾਊ ਤ਼ਖਤ ਤੇਰੇ ਰਾਹ ਵਿਚ ਪਏ ਹਨ,
ਤੇਰੇ ਮਸਤਾਨਿਆਂ ਨੂੰ ਤਾਜ ਅਤੇ ਨਗੀਨਿਆਂ ਦੀ ਲੋੜ ਨਹੀਂ ।(1)

ਦੁਨੀਆਂ ਅੰਦਰ ਹਰ ਚੀਜ਼ ਫ਼ਨਾਹ ਹੋ ਜਾਣ ਵਾਲੀ ਹੈ,
ਪਰ ਆਸ਼ਕ ਫ਼ਨਾਹ ਹੋਣ ਵਾਲੇ ਨਹੀਂ,ਕਿਉਂ ਜੋ ਉਹ ਪ੍ਰੀਤ ਦੇ ਭੇਤਾਂ ਤੋਂ ਜਾਣੂ ਹਨ।(2)

ਸਾਰੀਆਂ ਅੱਖਾਂ ਉਸ ਦੇ ਦਰਸ਼ਨਾਂ ਲਈ ਤੀਬਰ ਹੋ ਗਈਆਂ ,
ਹਜ਼ਾਰਾਂ ਚਿਤ ਉਸ ਦੇ ਬ੍ਰਿਹਾ ਦੇ ਫਿਕਰ ਵਿਚ ਨਿਘਰਦੇ ਜਾਂਦੇ ਹਨ।(3)

ਯਕੀਨ ਰਖ! ਕਿ ਉਸ ਦੇ ਮੰਗਤੇ ਪਾਤਸ਼ਾਹਾਂ ਦੇ ਪਾਤਸ਼ਾਹ ਹਨ,
ਕਿਉਂ ਜੋ ਸਾਰੀ ਦੁਨੀਆਂ ਦੀ ਦੋਲਤ ਉਹ ਇਕੋ ਨਜ਼ਰ ਨਾਲ ਬਖਸ਼ ਦਿੰਦੇ ਹਨ।(4)

ਐ ਗੋਯਾ! ਹਮੇਸ਼ਾਂ ਰੱਬ ਦੇ ਪਿਆਰਿਆਂ ਦੀ ਸੰਗਤ ਦੀ ਭਾਲ ਕਰ,
ਕਿਓਂ ਜੋ ਰੱਬ ਦੇ ਢੂੰਡਾਊ,ਰਬ ਨਾਲ ਜੁੜੇ ਹੋਏ ਹਨ।(5)(27)

# Ghazal Twenty-seven

Thousands of adorned thrones are lying on the way to you,
But, no crowns and the diamonds are coveted by your lovers.(1)

Everything in this world is amenable to destruction,
But the lovers decay not, as they discern the attributes of adoration.(2)

The eyes of the entirety are yearning for his glimpse,
And the thousands of hearts are becoming frail, being alienated.(3)

In just one twinkling of the eye, he endows the kingdom of the world,
As, you must bear in mind, his mendicants are graced with the regency.(4)

Oh, Goya, you seek the audience of the devotees of the Righteous One,
Because the adherents of the Almighty are always clung with him.(5)(27)

# ਗ਼ਜ਼ਲ 28

ਭਾਵੇਂ ਮੇਰੇ ਹੱਥ ਸਦਾ ਕੰਮ ਵਿਚ ਰੁਝੇ ਹੁੰਦੇ ਹਨ,
ਪਰ ਮੈਂ ਕੀ ਕਰਾਂ,ਮੇਰਾ ਦਿਲ ਤਾਂ ਯਾਰ ਵਲ ਦੋੜਦਾ ਹੈ।(1)

ਭਾਵੇਂ ‘ਤੂੰ ਮੈਨੂੰ ਨਹੀਂ ਵੇਖ ਸਕਦਾ’ ਦੀ ਅਵਾਜ਼ ਹਰ ਵੇਲੇ ਦਿਲ ਦੇ ਕੰਨਾ
ਵਿਚ ਪੈਂਦੀ ਹੈ।
ਪਰ ਮੂਸਾ ਫੇਰ ਵੀ ਰੱਬ ਦਾ ਦੀਦਾਰ ਕਰਨ ਲਈ ਜਾ ਰਿਹਾ ਹੈ।(2)

ਜਿਸ ਵਿਚੋਂ ਹੰਝੂ ਕਿਰਨ ਇਹ ਉਹ ਅੱਖ ਹੀ ਨਹੀਂ,
ਪ੍ਰੇਮ ਪਿਆਲਾ ਤਾਂ ਨੱਕਾ ਨੱਕਾ ਭਰਿਆ ਰੀਹੰਦਾ ਹੈ।(3)

ਦਿਲਦਾਰ ਅਤੇ ਦਿਲ ਵਜੂਦ ਵਿਚ ਇੱਕ ਮਿੱਕ ਹਨ,
ਜਿਸ ਕਾਰਣ ਦਿਲ ਹਮੇਸ਼ਾਂ ਦਿਲਦਾਰ ਵਲ ਦੌੜਦਾ ਰਹਿੰਦਾ ਹੈ।(4)

ਦੋਨਾਂ ਜਹਾਨਾਂ ਵਿਚ ਉਸ ਦੀ ਧੋਣ ਫਖਰ ਨਾਲ ਉੱਚੀ ਹੋ ਜਾਂਦੀ ਹੈ,
ਜੋ ਭੀ ਮਨਸੂਰ ਵਾਂਗ ਸੂਲੀ ਵਲ ਨੂੰ ਦੌੜਦਾ ਹੈ।(5)

ਗੋਯਾ ਨੇ ਸੱਜਨ ਦੀ ਯਾਦ ਵਿਚ ਅਸਲ ਜੀਵਨ ਪਾ ਲਿਆ ਹੈ,
ਹੁਣ ਉਹ ਸ਼ਰਾਬਖਾਨੇ ਦੀ ਗਲੀ ਵਿਚ ਕਿਉਂ ਜਾਵੇ।(6)(28)

# Ghazal Twenty-eight

My hands may always be absorbed in the travails,
But, what can I do, my heart stalks towards the beloved.(1)

Though the sound of ‘You can’t see me’ echoes into all the bearings of his heart,
Musa went ahead to espy the Almighty.(2)

This is not an eye which rolls down tears,
The cup of affection is always full to the brim.(3)

Heart-filcher and the heart are in unison in the body,
And, that is why, the heart always dashes towards the sweetheart.(4)

In both the domains his head remains high with pride,
who, like Mansoor, treads towards the noose?(5)

Goya has attained the real life in the rememberance of the sweet-heart
Why should he now visit the tavern?(6)(28)

# ਗ਼ਜ਼ਲ 29

ਕੌਣ ਹੈ ਜਿਸ ਤੇ ਅੱਜ ਸੋਹਣੇ ਦਾ ਇਸ਼ਕ ਸਵਾਰ ਹੈ,
ਇਸ ਦੁਨੀਆਂ ਵਿਚ ਉਹ ਬਾਦਸ਼ਾਹ ਹੈ, ਜਿਸ ਦਾ ਕੋਈ ਯਾਰ ਹੈ।(1)

ਮੈਂ ਜਾਣਦਾ ਹਾਂ,ਐ ਸ਼ੋਖ ਮਾਸ਼ੂਕ! ਕਿ ਇਹ ਦੋਹਾਂ ਜਹਾਨਾਂ ਦਾ ਖ਼ੂਨ ਕਰੇਗੀ,
ਕਿਉਂ ਜੋ ਤੇਰੀ ਮਸਤ ਅੱਖ ਅੱਜ ਨਸ਼ੇ ਨਾਲ ਭਰੀ ਪਈ ਹੈ।(2)

ਜਿਗਰ ਦੇ ਖ਼ੂਨ ਨੇ ਮੇਰੀ ਅੱਖ ਦੇ ਪੱਲੇ ਨੂੰ ਲਾਲ ਕਰ ਦਿੱਤਾ,
ਸਾਡੇ ਦੀਵਾਨੇ ਦਿਲ ਵਿਚ ਕੇਹੀ ਅਜਬ ਬਹਾਰ ਆਈ ਹੈ।(3)

ਜਿਸ ਨੂੰ ਮਨਸੂਰ ਵਾਂਗ ਸੂਲੀ ਦਾ ਪਰਛਾਵਾਂ ਪਰਾਪਤ ਹੈ,
ਉਸ ਨੂੰ ਤਾਂ ਸੁਰਗ ਦੇ ਬਿਰਛ ਤੂਬਾ ਦੀ ਛਾਂ ਦੀ ਅਤੇ ਨਾਂ ਹੀ ਸੁਰਗ ਦੀ ਲੋੜ ਹੈ।(4)

ਐ ਦੀਵੇ! ਆਪਣਾ ਲਾਲ ਫੁਲਾਂ ਵਰਗਾ ਮੁਖੜਾ ਕੁਝ ਚਿਰ ਲਈ ਰੋਸ਼ਨ ਕਰ
ਕਿਉਂ ਜੋ ਪਰਵਾਨੇ ਅਤੇ ਬੁਲਬੁਲ ਦੇ ਦਿਲ ਨੂੰ ਤੇਰੇ ਨਾਲ ਕੁਝ ਕੰਮ ਹੈ।(5)

ਭਾਵੇਂ ਹਰ ਦੀਵਾਨੇ ਲਈ ਸੰਗਲ ਬਣਾਉਂਦੇ ਹਨ,
ਪਰ ਗੋਯਾ ਦਾ ਦਿਲ ਤਾਂ ਜ਼ੁਲਫ ਦੇ ਫੰਧੇ ਨਾਲ ਠਹਿਰ ਜਾਂਦਾ ਹੈ(6)(29)

# Ghazal Twenty-nine

Who is there, who is intoxicated in the love of his sweetheart?
The one, who has a benefactor, is the sovereign of the world.(1)

Oh, you, the Mirthful One, I perceive that they will smite both the worlds,
Because, today, your exhilarated eyes are inebriated.(2)

The stole of my eye is imbued red through my heart's gore,
Which itself has endowed a strange spring-time flavour to my mind.(3)

The one who attains the shadow of the gallows like Mansoor,
He neither desires for the shadow of Tooba the heavenly tree; nor aspires for the heaven itself.(4)

Oh, you the Candlewick, sparkle your pink-flowery pretence, a while,
Because the sacrificing-moths and the nightingales are coming with some errand to you.(5)

There may be chains around for all the demented ones,
But Goya just stays still in the halter of your tresses.(6)(29)

# ਗ਼ਜ਼ਲ 30

ਕੋਈ ਵੀ ਗਰੀਬ ਪਰਦੇਸੀਆਂ ਦੇ ਹਾਲ ਦੀ ਸੁਨਵਾਈ ਨਹੀਂ ਕਰਦਾ,
ਅਸੀਂ ਉਥੇ ਪੁਜ ਚੁਕੇ ਹਾਂ, ਜਿਥੇ ਬਾਦਸ਼ਾਹ ਵੀ ਨਹੀਂ ਪੁੱਜ ਸਕਦਾ।(1)

ਹਜ਼ਾਰਾਂ ਉਚੇ ਸੁਰਗਾਂ ਨੂੰ ਉਹ ਇਕ ਅੱਧੇ ਜੌਂ ਬਦਲੇ ਵੀ ਨਹੀਂ ਖਰੀਦਦੇ,
ਕਿਉਂਕਿ ਇਨ੍ਹਾਂ ਵਿਚੋਂ ਕੋਈ ਭੀ ਸੁਰਗ ਉਸ ਪਿਆਰੇ ਦੀ ਗਲੀ ਤਕ ਨਹੀਂ ਪਹੁੰਚਦਾ।(2)

ਪ੍ਰੇਮ ਦੇ ਵੈਦ ਨੇ, ਕਹਿੰਦੇ ਹਨ,ਕੁਝ ਇਉਂ ਕਿਹਾ ਹੈ
ਕਿ ਪਰਦੇਸੀਆਂ ਦਾ ਦਰਦਨਾਕ ਹਾਲ ਸਿਵਾਏ ਰੱਬ ਦੇ ਕੋਈ ਨਹੀਂ ਸੁਣਦਾ।(3)

ਜੇ ਤੂੰ ਆਪਣੇ ਦਿਲ ਦੀ ਅੱਖ ਦੀ ਰੋਸ਼ਨੀ ਚਾਹੁੰਦਾ ਹੈਂ,
ਤਾਂ ਵੇਖ,ਉਸ ਦੀ ਦਰਗਾਹ ਦੀ ਧੂੜ ਤਕ ਕੋਈ ਸੁਰਮਾ ਨਹੀਂ ਪੁਜ ਸਕਦਾ।(4)

ਮਿੱਤਰ ਦੀ ਯਾਦ ਵਿਚ ਉਮਰ ਕੱਟੀ ਜਾ ਸਕਦੀ ਹੈ,
ਕਿਉਂ ਜੋ ਉਸ ਦੇ ਮੁਕਾਬਲੇ ਤੇ ਕੋਈ ਵੀ ਰਸਾਇਣ ਨਹੀਂ ਹੈ।(5)

ਸਾਰੇ ਸੰਸਾਰ ਦੀ ਦੋਲਤ ਉਸ ਦੇ ਦਰ ਦੀ ਧੂੜ ਤੋਂ ਵਾਰ ਸੁਟਾਂ,
ਕਿਉਂਕਿ ਜਦ ਤਕ ਉਸ ਤੋ ਂਕੁਰਬਾਨ ਨਹੀਂ ਹੁੰਦਾ,ਉਸ ਤਕ ਨਹੀਂ ਪੁਜਦਾ।(6)

ਗੋਯਾ ਉਸ ਦੇ ਦਰਵਾਜ਼ੇ ਦੀ ਖ਼ਾਕ ਤੋਂ ਵਾਰੀ ਜਾਂਦਾ ਹੈ,
ਕਿਉਂਕਿ ਜਦ ਤਕ ਕੋਈ ਖ਼ਾਕ ਨਹੀਂ ਬਣਦਾ,ਆਪਣੇ ਮਨੋਰਥ ਨੂੰ ਨਹੀਂ ਪਾ ਸਕਦਾ।(7)(30)

# Ghazal Thirty

Whereas the poverty stricken (mentally) with no baggage (consciousness) are heeded not,
Where the sovereigns have no approach, we have attained.(1)

They don’t want to buy even a thousand high heavens for just half a grain of barley,
Because none from them can reach the avenues of the beloved.(2)

The physician of love, it is said, has so expounded,
That the maladies of the vagrants, no body except the Almighty, knows.(3)

If you want to achieve the enlightenment for the vision of your heart,
Remember, that no antimony, can reach the dust of the celestial portal.(4)

Recollecting the friend, the life span can be expended,
As there is no other medication comparable to that.(5)

All the temporal wealth, I trade for the dust of his portal,
Because, unless I sacrifice myself for him, I cannot achieve him.(6)

Goya endears himself to the dust of his sanctuary,
(Because,) unless one eliminates the self in the dust, one cannot realise the goal.(7)(30)

# ਗ਼ਜ਼ਲ 31

ਉਸ ਦੀ ਦਰਗਾਹ ਦੀ ਮੁੱਠੀ ਭਰ ਖ਼ਾਕ ਰਸਾਇਣ ਬਣਾ ਦਿੰਦੀ ਹੈ,
ਹਰ ਮੰਗਤੇ ਨੂੰ ਸੱਤਾਂ ਵਲਾਇਤਾਂ ਦਾ ਬਾਦਸ਼ਾਹ ਬਣਾ ਦਿੰਦੀ ਹੈ।(1)

ਮੇਰੇ ਸਿਰ ਲਈ ਤੇਰੀ ਦਰਗਾਹ ਦੀ ਧੂੜ ਸੈਂਕੜੇ ਤਾਜਾਂ ਵਰਗੀ ਹੈ,
ਮੈਂ ਗੁਨਹਿਗਾਰ ਹੋਵਾਂਗਾ,ਜੇ ਕਰ ਮੇਰਾ ਦਿਲ ਫਿਰ ਤਾਜ ਅਤੇ ਤਖਤ ਦੀ ਲਾਲਸਾ ਕਰੇ।(2)

ਜੇ ਕਰ ਕੀਮਆਗਰ ਤਾਂਬੇ ਤੋਂ ਸੋਨਾ ਬਣਾ ਲੈਂਦਾ,ਅਸੰਭ ਨਹੀਂ ਕਿ
ਰੱਬ ਦਾ ਤਾਲਬ ਮਿੱਟੀ ਨੂੰ ਨੂਰ ਭਰਿਆ ਸੂਰਜ ਬਣਾ ਲਵੇ।(3)

ਗੋਯਾ ਦੇ ਸ਼ਿਅਰ ਜਿਹੜਾ ਵੀ ਦਿਲ ਜਾਨ ਨਾਲ ਸੁਣਦਾ ਹੈ,
ਉਸ ਦਾ ਦਿਲ ਫੇਰ ਮੋਤੀਆਂ ਦੀ ਦੁਕਾਨ ਦੇ ਲਾਲਾਂ ਦੀ ਕਦ ਪਰਵਾਹ ਕਰਦਾ ਹੈ ?(4)(31)

# Ghazal Thirty-one

A handful of the dust from his sanctuary turns into a medication,
And converts the beggars into the sovereigns of seven realms.(1)

The dust from your portal, for me, is equivalent to seven regal crowns.
I may be infested with depravity, if I become desirous of the crown and the throne.(2)

If a chemist can convert copper into gold, why can’t,
A seeker of the Almighty impart incandescence to the lust.(3)

Whosoever listens, intently, to the couplets of Goya,
He cares little for a mine teeming with the diamonds and the pearls.(4)(31)

# ਗ਼ਜ਼ਲ 32

ਤੇਰੇ ਤੰਗ ਮੂੰਹ ਵਰਗੀ ਹੋਰ ਸੋਹਣੀ ਕੋਈ ਸ਼ੱਕਰ ਦੀ ਬੋਰੀ ਨਹੀਂ ਹੋ ਸਕਦੀ,
ਇਸ ਕਥਾ ਤੋਂ,ਜਿਹੜੀ ਮੈਂ ਸੁਣਾਈ ਹੈ,ਹੋਰ ਕੋਈ ਵਧੇਰੇ ਚੰਗੇਰੀ ਕੋਈ ਕਥਾ ਨਹੀਂ ਹੋਣੀ।(1)

ਜੇਕਰ ਤੂੰ ਉਸ ਦੇ ਮਿਲਾਪ ਦਾ ਤਾਲਬ ਹੈ ਤਾਂ ਵਿਛੋੜੇ ਦਾ ਵਾਕਫ ਬਣ,
ਜਦ ਤਕ ਰਾਹ ਵਿਖਾਉਣ ਵਾਲਾ ਨਾ ਹੋਵੇ, ਤੂੰ ਕਿਵੇਂ ਪੜਾਉ ਤਕ ਪੁਜੇਂਗਾ।(2)

ਪਲਕਾਂ ਵਰਗੇ ਹੱਥਾਂ ਤੋਂ ਅੱਖਾਂ ਦੇ ਪਲੂ ਨੂੰ ਉਨ੍ਹਾ ਚਿਰ ਨਾ ਛੁਡਾ,
ਜਦ ਤਕ ਕਿ ਤੇਰੀਆਂ ਆਸਾਂ ਦੀ ਜੇਬ ਮੋਤੀਆਂ ਨਾਲ ਨਾ ਭਰ ਜਾਵੇ।(3)

ਆਸ਼ਕ ਦੀ ਆਸ ਦੀ ਟਹਿਣੀ ਕਦੀ ਵੀ ਫਲਦਾਰ ਨਹੀਂ ਹੁੰਦੀ,
ਜਦ ਤਕ ਕਿ ਪਲਕਾਂ ਦੇ ਅਥਰੂਆਂ ਨਾਲ ਉਸ ਨੂੰ ਪਾਣੀ ਨਹੀਂ ਮਿਲਦਾ।(4)

ਐ, ਮੂਰਖ ਗੋਯਾ, ਉਸ ਦੇ ਪਿਆਰ ਦੀ ਡੀਂਗ ਨਾ ਮਾਰ,
ਇਸ ਰਸਤੇ ਉਤੇ ਉਹੀ ਪੈਰ ਰਖ ਸਕਦਾ ਹੈ,ਜਿਸ ਦਾ ਸਿਰ ਨਾ ਹੋਵੇ।(5)(32)

# Ghazal Thirty-two

A sack full of raw-sugar is not sweeter than your modest semblance.
Just as there can’t be a better simile, than the one which I have narrated.(1)

If you are seeking union with her, then get acquainted with the trait of separation.
Unless the guide is there, how can you reach the destination?(2)

Abandon not the stole of your eye lashes from your hands,
Till the time the pocket of your desires is filled with the pearls.(3)

The branch of the tree of desires of a lover does not bear fruits,
Unless it is watered with the tears through the eye-lashes.(4)

Oh, Goya, the fool, don’t boast about your love,
As, only he can travel on this path who does not keep a head.(5)(32)

# ਗ਼ਜ਼ਲ 33

ਹੋਲੀ ਦੇ ਫੁਲਾਂ ਨੇ ਜ਼ਮਾਨੇ ਦੇ ਬਾਗ ਨੂੰ ਮਹਿਕ ਨਾਲ ਭਰ ਦਿੱਤਾ,
ਬੰਦ ਕਲੀ ਵਰਗੇ ਹੋਠਾਂ ਨੂੰ ਸੁਭਾਗੀ ਤਬੀਅਤ ਵਾਲਾ ਬਣਾ ਦਿਤਾ।(1)

ਉਸ ਨੇ ਮੀਂਹ ਦੇ ਪਾਣੀ ਵਾਂਗ
ਗੁਲਾਬ, ਅੰਬਰ, ਮੁਸ਼ਕ ਤੇ ਅਬੀਰ ਨੂੰ ਸਾਰੀਂ ਪਾਸੀਂ ਖਲੇਰ ਦਿੱਤਾ।(2)

ਕੇਸਰ ਭਰੀ ਪਿਚਕਾਰੀ ਦਾ ਕਿਆ ਕਹਿਣਾ?
ਕਿ ਉਸ ਨੇ ਹਰ ਬਦ-ਰੰਗ ਨੂੰ ਵੀ ਰੰਗੀਨ ਤੇ ਸੁਗੰਧਤ ਕਰ ਦਿੱਤਾ।(3)

ਉਸ ਦੇ ਮੁਬਾਰਕ ਹੱਥਾਂ ਦੇ ਗੁਲਾਲ ਛਿੜਕਣ ਨੇ,
ਧਰਤ ਅਸਮਾਨ ਨੂੰ ਲਾਲੋ ਲਾਲ ਕਰ ਦਿੱਤਾ।(4)

ਉਸ ਦੀ ਕ੍ਰਿਪਾ ਦੁਆਰਾ ਦੋਵੇਂ ਦੁਨੀਆਂ ਰੰਗੀਨ ਹੋ ਗਈਆਂ,
ਉਸ ਨੇ ਸ਼ਾਹਾ ਵਾਂਗ ਮੇਰੇ ਗਲ ਵਿਚ ਰੰਗੀਨ ਕਪੜੇ ਪਵਾ ਦਿੱਤੇ।(5)

ਜਿਸ ਕਿਸੇ ਨੇ ਵੀ ਉਸ ਦੇ ਪਵਿਤ੍ਰ ਦਰਸ਼ਨ ਕੀਤੇ,
ਉਸ ਨੇ ਸਮਝੋ ਉਮਰ ਦੀ ਮੁਰਾਦ ਚੰਗੀ ਪਾ ਲਈ।(6)

ਸੰਗਤ ਦੇ ਰਾਹਾਂ ਦੀ ਧੂੜ ਤੋਂ ਕੁਰਬਾਨ ਹੋ ਜਾਵੇ
ਬਸ ਗੋਯਾ ਦੇ ਦਿਲ ਦੀ ਏਨੀ ਹੀ ਚਾਹ ਹੈ।(7)(33)

# Ghazal Thirty-three

The (festival of) Holy blossoms and spreads its fragrance,
And it blooms the sprout of her beautiful lips.(1)

The rose, the amber*, the jasmine and the reddish abeer*,
All are showered like the rain on all the sides.(2)

How to talk of the sprinkling of saffron?
It is endowing hue and fragrance to every dull being.(3)

The scattering of the pigment by her auspicious hands,
Is dyeing both the heaven and the earth.(4)

Through her benevolence, both the domains have become colourful,
And she has adorned me like kings with the gorgeous attire.(5)

Whosoever has her propitious glimpse,
Attains the bliss of both the worlds.(6)

I should sacrifice myself for the dust of the avenues of the congregation,
That is the utmost desire of Goya.(7)(33)

* Names of two scents.

# ਗ਼ਜ਼ਲ 34

ਉਸ ਦੀ ਸਿਫਤ ਸਲਾਹ ਦਾ ਜ਼ਿਕਰ ਜੀਭ ਨੂੰ ਬੜਾ ਚੰਗਾ ਲਗਦਾ ਹੈ,
ਉਸ ਦਾ ਨਾਮ ਮੂੰਹ ਵਿਚ ਆਇਆਂ ਕਿੰਨਾ ਸਵਾਦ ਦਿੰਦਾ ਹੈ?(1)

ਵਾਹ! ਕਿਨੇ ਸੋਹਣੇ ਹਨ ਤੇਰੀ ਠੋਡੀ ਦੇ ਸਿਉ,
ਬਾਗ ਵਿਚ ਅਜੇਹਾ ਮਿੱਠਾ ਤੇ ਸੁਆਦਲਾ ਮੇਵਾ ਭਲਾ ਕਿਥੇ?(2)

ਤੁਹਾਡੇ ਦੀਦਾਰ ਦੇ ਸਦਕੇ ਸਾਡੀ ਅੱਖ ਰੌਸ਼ਨ ਹੈ,
ਮੈਂ ਉਸ ਦੀਦਾਰ ਤੋਂ ਕੁਰਬਾਨ ਜਾਵਾਂ,ਉਹ ਕਿੰਨਾ ਸੁਆਦਲਾ ਹੈ।(3)

ਤੇਰੀ ਜ਼ੁਲਫ ਦੇ ਕੁੰਡਲ ਨੇ ਸਾਡਾ ਦਿਲ ਉਡਾ ਲਿਆ ਹੈ,
ਤੇਰੇ ਲਾਲ ਹੋਠ ਇਸੇ ਕਾਰਨ ਸੁਆਦਲੇ ਹਨ।(4)

ਐ ਗੋਯਾ ਤੇਰੇ ਸ਼ਿਅਰਾਂ ਦੇ ਸੁਆਦ ਤੋਂ ਚੰਗੇਰਾ
ਹੋਰ ਕੋਈ ਸੁਆਦ ਨਹੀਂ ਹੋ ਸਕਦਾ।(5)(34)

# Ghazal Thirty-four

Very soothing it is to recite his adoration through the tongue,
As the recitation of his name endows sweetness to the lips.(1)

How charming is your chin, the epitome of an apple,
In the garden, there can be found no fruit so savoury.(2)

Even a glimmer of yours has brightened my eyes,
And how charming is that splendour, I can sacrifice myself for it.(3)

The coils of your tresses have filched my heart;
As a consequence, your pink lips, somehow, are very delectable.(4)

Oh, Goya, the savour endowed by your couplets,
Is surpassed not by any other taste.(5)(34)

# ਗ਼ਜ਼ਲ 35

ਰੱਬੀ ਗਿਆਨਵਾਨਾਂ ਨੂੰ ਉਸੇ ਦਾ ਪਾਸਾ ਹੀ ਚੰਗਾ ਲਗਦਾ ਹੈ,
ਪ੍ਰੇਮੀਆਂ ਲਈ ਸੱਜਨ ਦੀ ਗਲੀ ਹੀ ਸੁਹਾਵਣੀ ਹੈ।(1)

ਉਸ ਦੀਆਂ ਲਿੱਟਾਂ ਨੇ ਸਾਰੀ ਦੁਨੀਆਂ ਦੇ ਦਿਲ ਨੂੰ ਮੋਹ ਰਖਿਆ ਹੈ।
ਉਸ ਦੇ ਚਾਹੁਣ ਵਾਲਆਂ ਲਈ ਤਾਂ ਉਸ ਦੇ ਕੇਸ ਹੀ ਸੁਹਾਵਣੇ ਹਨ।(2)

.ਸਾਨੂੰ ਉਸ ਦੀ ਗਲੀ ਇੰਨੀ ਪਿਆਰੀ ਹੈ,
ਕਿ ਮੈਂ ਬਹਿਸ਼ਤ ਦੇ ਬਾਗ ਨੂੰ ਉਸ ਤੋਂ ਕੁਰਬਾਨ ਕਰ ਦਿਆਂ।(3)

ਉਸ ਦੇ ਭਾਗਾਂ ਭਰੇ ਆਉਣ ਦੀ ਸੁਗੰਧੀ ਨਾਲ ਮੈਂ ਸੁਰਜੀਤ ਹੋ ਜਾਂਦਾ ਹਾਂ
ਇਸ ਲਈ ਸਾਨੂੰ ਉਸ ਦੀ ਸੁਗੰਧੀ ਬੜੀ ਸੁਆਦਲੀ ਲਗਦੀ ਹੈ।(4)

ਰੱਬ ਦੀ ਯਾਦ ਦਾ ਜ਼ਿਕਰ ਕਿੰਨਾ ਸੁਆਦਲਾ ਹੁੰਦਾ ਹੈ,
ਸਾਰਿਆਂ ਮੇਵਿਆਂ ਨਾਲੋਂ ਇਹ ਵਧੇਰੇ ਸੁਆਦਲਾ ਹੈ।(5)

ਜੇ ਕਰ ਤੈਨੂੰ ਇਹ ਇੱਛਾ ਭਾਉਂਦੀ ਹੈ,
ਤਾਂ ਤੂੰ ਸਾਰੇ ਸੰਸਾਰ ਨੂੰ ਅੰਮ੍ਰਿਤ ਬਖਸ਼ਨ ਵਾਲਾ ਬਣ ਜਾਂਵੇਂਗਾ।(6)

ਗੋਯਾ ਦੇ ਸ਼ਿਅਰ ਹਿੰਦੁਸਤਾਨ ਵਿਚ ਅਜੇਹੇ ਮੇਵੇ ਹਨ,
ਜਿਹੜੇ ਖੰਡ ਅਤੇ ਦੁੱਧ ਨਾਲੋਂ ਵੀ ਵਧੇਰੇ ਮਿੱਠੇ ਹਨ।(7)(35)

# Ghazal Thirty-five

The enlightened ones are inclined to go to her abode,
As the lover's avenue gratifies the adherent.(1)

Her tresses have enchanted the whole world,
And for her enthusiasts, her hair is captivating.(2)

I can sacrifice even the heavenly garden for her,
Because I feel enthralled in her avenue.(3)

I attain life through the auspicious dust of her feet,
As her walking-in is the harbinger of soothing fragrance.(4)

The remembrance of the Almighty is tranquillising,
And it is mellower than all the sweet fruits.(5)

You may become the acqua of benevolence for the whole world,
If such an aspiration fascinates your mind.(6)

Goya's couplets are so fruitful in India,
That they deem even sweeter than the milk and sugar.(7)(35)

# ਗ਼ਜ਼ਲ 36

ਐ ਬਹਾਰ ਦੀ ਫਸਲ ਦੇ ਭਰਵੱਟਿਓ! ਤੁਹਾਡੀ ਆਮਦ ਦੀ ਕ੍ਰਿਪਾ ਸਦਕਾ
ਜਹਾਨ ਗੁਲਜ਼ਾਰਾਂ ਨਾਲ ਬਹਿਸ਼ਤ ਦੇ ਬਾਗ ਵਾਂਗ ਭਰ ਗਿਆ ਹੈ।(1)

ਤੇਰੀ ਮੁਸਕਾਨ ਜਹਾਨ ਨੂੰ ਜ਼ਿਦਗੀ ਬਖਸ਼ਦੀ ਹੈ,
ਅਤੇ ਇਹ ਰਹੱਸਮਈ ਸੂਫੀਆਂ ਦੀਆਂ ਅੱਖਾਂ ਲਈ ਇਕ ਚੈਨ ਤੇ ਕਰਾਰ ਹੈ।(2)

ਰੱਬ ਦੇ ਪ੍ਰੇਮ ਤੋਂ ਬਿਨਾਂ ਹੋਰ ਕੋਈ ਪ੍ਰੇਮ ਪੱਕਾ ਨਹੀਂ
ਬਿਨਾਂ ਰੱਬ ਦੇ ਪਿਆਰਿਆਂ ਦੇ ਪਿਆਰ ਤੋਂ ਸਭ ਕੁਝ ਨਾਸਵਾਨ ਸਮਝ।(3)

ਜਿਧਰ ਵੀ ਤੂੰ ਨਿਗਾਹ ਕਰਦਾ ਹੈਂ ਤੂੰ ਨਵੀਂ ਰੂਹ ਬਖਸ਼ ਦੇਂਦਾ ਹੈਂ
ਇਹ ਤੇਰੀ ਨਿਗਾਹ ਹੀ ਹੈ,ਜਿਹੜੀ ਹਰ ਪਾਸੇ ਜਾਨਾਂ ਦੀ ਬਰਖਾ ਕਰਦੀ ਹੈ।(4)

ਰੱਬ ਤਾਂ ਹਰ ਹਾਲ,ਹਰ ਥਾਂ,ਸਦਾ ਹਾਜ਼ਰ ਨਾਜ਼ਰ ਹੈ,
ਪਰੰਤੂ ਅਜਿਹੀ ਅੱਖ ਕਿੱਥੇ ਹੈ,ਜਿਹੜੀ ਹਰ ਪਾਸੇ ਹੀ ਉਸ ਦਾ ਦੀਦਾਰ ਵੇਖ ਸਕੇ।(5)

ਬਿੱਨਾ ਰੱਬ ਦੇ ਜਾਨਣ ਵਾਲਿਆਂ ਦੇ ਕਿਸੇ ਹੋਰ ਨੂੰ ਮੁਕਤੀ ਨਹੀਂ ਮਿਲੀ।
ਮੌਤ ਨੇ ਤਾਂ ਧਰਤ ਤੇ ਸਮੇਂ ਨੂੰ ਆਪਣੀ ਚੁੰਜ ਵਿਚ ਫੜ ਰਖਿਆ ਹੈ।(6)

ਐ ਗੌਯਾ,ਰੱਬ ਦਾ ਬੰਦਾ ਅਮਰ ਹੋ ਜਾਂਦਾ ਹੈ,
ਕਿਉਂ ਜੋ ਉਸ ਦੀ ਬੰਦਗੀ ਤੋਂ ਬਿਨਾਂ ਜਹਾਨ ਵਿਚ ਹੋਰ ਕਿਸੇ ਦਾ ਕੋਈ ਨਿਸ਼ਾਨ ਨਹੀਂ।(7)(36)

# Ghazal Thirty-six

O, you the eye-brows of the spring, with your advent,
The garden of this temporal world has fully blossomed.(1)

Your graceful smile endows exhilarated life,
And it pacifies and appeases the saintly-visions.(2)

Except for the love for the Almighty, no affinity is resolute,
As no adoration is more lasting than the celestial veneration.(3)

To which ever side you turn your vision, you endow existence,
As it is your vision which showers existence all around.(4)

The Almighty, in every condition, is omnipresent,
But where is the eye which can have his glimpse?(5)

Without the Almighty's perception, the emancipation comes not,
As the world is already in the jaws of Death.(6)

Remember Goya, only a man beseeching God becomes immortal,
Because without adoration, there remains no other emblem.(7)(36)

# ਗ਼ਜ਼ਲ 37

ਮੈਂ ਉਮਰ ਦੀ ਗੋਦੀ ਵਿਚ ਜਵਾਨ ਤੋਂ ਬੁੱਢਾ ਹੋ ਗਿਆ ਹਾਂ,
ਤੇਰੀ ਸੰਗਤ ਵਿਚ ਉਮਰ ਦੀ ਗੋਦ ਵਿਚ ਮੇਰੀ ਜ਼ਿਦਗੀ ਕਿੰਨੀ ਸੋਹਣੀ ਲੰਘੀ ਸੀ।(1)

ਬਾਕੀ ਰਹਿੰਦੇ ਸਵਾਸਾਂ ਨੂੰ ਤੂੰ ਇਸ ਤਰ੍ਹਾਂ ਸੁਭਾਗੇ ਸਮਝ,
ਕਿਉਂਕੇ ਅ਼ਖੀਰ ਪੱਤ-ਝੜ ਨੇ ਹੀ ਇਸ ਉਮਰ ਦੀ ਬਹਾਰ ਲਿਆਂਦੀ ।(2)

ਹਾਂ, ਉਸ ਘੜੀ ਨੂੰ ਵੀ ਸੁਭਾਗਾ ਸਮਝ, ਜੋ ਰੱਬ ਦੀ ਯਾਦ ਵਿਚ ਗੁਜ਼ਰੇ,
ਕਿਉਂ ਜੋ ਉਮਰ ਦਾ ਹਿਸਾਬ ਲਾਉਣ ਲਗਿਆਂ ਇਹ ਨਜ਼ਰ ਤੋਂ ਹਵਾ ਵਾਂਗ ਲਘ ਜਾਂਦੀ ਹੈ।(3)

ਹਰ ਵਕਤ ਲਹਿਰਾਂ ਦੇ ਕਾਫਲੇ ਵਾਂਗ {ਉਮਰ ਦੀ ਨਦੀ ਵਗਦੀ} ਰਹਿੰਦੀ ਹੈ,
{ਹੋ ਸਕੇ} ਤਾਂ ਤੂੰ ਇਸ ਉਮਰ ਦੀ ਨਦੀ ਚੋਂ ਪਲ ਭਰ ਲਈ ਪਾਣੀ ਦਾ ਘੁੱਟ ਪੀ ਲੈ।(4)

ਤੂੰ ਸੈਂਕੜੇ ਕੰਮ ਅਜਿਹੇ ਕੀਤੇ ਹਨ, ਜਿਹੜੇ ਤੇਰੇ ਕੰਮ ਨਹੀਂ ਆਉਣੇ।
ਗੋਯਾ ਤੂੰ, ਅਜਿਹੇ ਕੰਮ ਕਰ, ਜਿਹੜੇ ਫੇਰ ਵੀ ਤੇਰੇ ਕੰਮ ਆਉਣ।(5)(37)

# Ghazal Thirty-seven

In the lap of time, my youth has gained the agedness.
And, in your association, how graciously my life has passed!(1)

Deem the remaining breaths as auspicious,
As it is autumn which ushered in the spring into life.(2)

Propitious are the instances which advance in the remembrance of the Almighty,
Because, while we are still enumerating, they vanish like the air.(3)

The caravan of the waves is flowing like the rolling stream,
You must suckle some breath-bequeathing water out of this life expanding river.(4)

You have revelled in many a deed transpiring into no fulfilment,
Goya, now, you render such services as well benefit you hereafter.(5)(37)

# ਗ਼ਜ਼ਲ 38

ਸਭ ਭੇਤਾਂ ਦੇ ਜਾਨਣਹਾਰ, ਅਸਾਂ ਜਿਨ੍ਹਾਂ ਤੇਰੀ ਗਲੀ ਦਾ ਸਿਰਾ ਵਖਿਆ ਹੈ,
ਅਸਾਂ ਸਭ ਵਲੋਂ ਆਪਣੀ ਜ਼ਰੂਰਤ ਦਾ ਮੂੰਹ ਮੋੜ ਲਿਆ ਹੈ।(1)

ਜਦ ਤੋਂ ਸਾਡਾ ਤੇਰੀ ਗਲੀ ਗਿਰਦੇ ਘੁੰਮਣਾ ਆਮ ਹੋਇਆ ਹੈ।
ਮੈਂ ਸਬ ਤੋਂ ਚੰਗੇ ਸੁਰਗ ਦੇ ਬਾਗ ਨੂੰ ਠੁਕਰਾ ਦਿੱਤਾ ਹੈ।(2)

ਆਪਣੀ ਸੁਗੰਧਤ ਲਿੱਟ ਦੇ ਵਾਲ ਨਾਲ ਉਹ ਸਾਡਾ ਦਿਲ ਅਤੇ ਦੀਨ ਲੈ ਗਿਆ,
ਇਸ ਲੰਮੀ ਉਮਰ ਤੋਂ ਇਹੀ ਕੁਝ ਖੱਟਿਆ ਸੀ।(3)

ਸਾਰਿਆਂ ਨੂੰ ਸਦਾ ਹੀ ਤੇਰੇ ਮੁਖੜੇ ਦਾ ਕੁਰਾਨ ਜ਼ਬਾਨੀ ਯਾਦ ਹੈ,
ਨਮਾਜ਼ੀਆਂ ਦੇ ਦਿਲਾਂ ਲਈ ਤੇਰੇ ਭਰਵੱਟੇ ਦਾ ਖ਼ਮ ਮਿਹਰਾਬ ਹੈ।(4)

ਮੈਂ ਕੀ ਦਸਾਂ ਕਿ ਤੇਰੇ ਬਿਨਾਂ ਮੇਰੇ ਦਿਲ ਦੀ ਕੀ ਹਾਲਤ ਹੈ?
ਇਹ ਉਸ ਦੀਵੇ ਵਾਂਗ ਹੈ,ਕਿ ਜਿਸ ਨੂੰ ਹਮੇਸ਼ਾਂ ਸੜਨਾ ਅਤੇ ਪਿਘਲਣਾ ਪੈਂਦਾ ਹੈ।(5)(38)

# Ghazal Thirty-eight

Oh, you the perceiver of secrets one, I have reached the limits of your avenue,
And now I have turned my attention away from all other directions.(1)

Since the time our roaming around your approaches has enhanced,
I have abandoned the aspiration, even, for the most charming paradise.(2)

With a tress imbued with fragrance, she has captured my heart and the faith,
And that is what I have earned by dint of this long life.(3)

The Quran of your semblance remains intrinsically inscribed in every mind,
And for the performers of the prayers, your eye-brows are the prayer-alcoves.(4)

How can I say, without you, in what condition my heart is?
It is like a candle whose destiny is burning and melting.(5)(38)

# ਗ਼ਜ਼ਲ 39

ਤੇਰੇ ਬਿਨਾਂ ਸਾਰਾ ਜਹਾਨ ਹੈਰਾਨ ਹੋਇਆ ਪਿਆ ਹੈ,
ਤੇਰੇ ਵਿਛੋੜੇ ਕਾਰਨ ਸੀਨਾ ਕਬਾਬ ਹੋ ਚੁਕਿਆ ਹੈ।(1)

ਰੱਬ ਦਾ ਢੂੰਡਾਊ ਸਦਾ ਜ਼ਿੰਦਾ ਰਹਿੰਦਾ ਹੈ,
ਉਸ ਦੀ ਜੀਭ ਤੇ ਬਸ ਉਸ ਸਰਬ ਸ਼ਕਤੀਮਾਨ ਦਾ ਨਾਮ ਰਹਿੰਦਾ ਹੈ।(2)

ਉਸ ਦੇ ਸੁਗੰਧਤ ਕਾਲੇ ਤਿਲ ਨੇ ਦੁਨੀਆਂ ਦਾ ਦਿਲ ਲੁੱਟ ਲਿਆ,
ਉਸ ਦੀਆਂ ਜ਼ੁਲਫਾਂ ਦਾ ਕੁਫ਼ਰ ਈਮਾਨ ਲਈ ਬਸ ਇਕ ਜਾਲ ਹੈ।(3)

ਮੈਨੂੰ ਆਪਣਾ ਸੂਰਜ ਵਰਗਾ ਮੁਖੜਾ ਜਲਦੀ ਵਿਖਾ,
ਕਿਉਂ ਜੋ ਰੋ ਰਹੀ ਅੱਖ ਦਾ ਇਹੀ ਇਲਾਜ ਹੈ।(4)

ਉਸ ਦੇ ਸੁੰਦਰ ਕੱਦ ਕਾਠ ਤੋਂ ਆਪਣਾ ਦਿਲ ਕੁਰਬਾਨ,
ਜਾਨ ਤਾਂ ਬੱਸ ਕੇਵਲ ਪਿਆਰੇ ਤੋਂ ਵਾਰਨ ਲਈ ਹੈ।(5)

ਕਾਸ਼ ਤੂੰ ਗੋਯਾ ਦਾ ਹਾਲ ਪਲ ਭਰ ਲਈ ਪੁੱਛਦੋਂ,
ਏਹੀ ਤਾਂ ਬਸ ਇਕੋ ਦਰਦ-ਕੁੱਠੇ ਦਿਲ ਦਾ ਇਲਾਜ ਹੈ।(6)(39)

# Ghazal Thirty-nine

Without you the entire world is bewildered,
Without you my heart is turned into ashes.(1)

The searcher for the Almighty remains alive forever,
And his tongue remains suffused with meditation.(2)

Her black mole, strewing fragrance, has captured the heart of the world,
And the indifdelity in her black tresses is a bait for the faith.(3)

Come show me your countenance, which is scintillating like the sun,
Because, this is the only elixir for the eyes pouring down tears.(4)

I always sacrifice my heart for her exquisite stature,
As my life is just there to be relinquished for the beloved.(5)

Alas, you had asked for the welfare of Goya, just for an instant may be,
As that is the only medicament for his rent heart.(6)(39)

# ਗ਼ਜ਼ਲ 40

ਹਮੇਸਾ ਤੂੰ ਨਸ਼ਈ, ਸੂਫੀ ਅਤੇ ਸਾਫ਼ ਰਹੁ,
ਤੂੰ ਸਾਰੇ ਦਾ ਸਾਰਾ ਬੰਦਗੀ ਹੋ ਜਾ,ਅਤੇ ਮਲੰਗ ਰਿੰਦ ਬਣ ਜਾ।(1)

ਤੂੰ ਗੈਰ ਵਲ ਅੱਖ ਚੱਕ ਕੇ ਵੀ ਨਾ ਵੇਖ ਕਿਉਂਕਿ ਤੂੰ ਅੰਨ੍ਹਾਂ ਹੈਂ
ਤੂੰ ਸਾਰੀ ਦੀ ਸਾਰੀ ਅੱਖ ਹੋ ਜਾ,ਅਤੇ ਸਜੱਨ ਵਲ ਇਸ ਨੂੰ ਖੋਲ੍ਹੀ ਰੱਖ।(2)

ਉਸ ਦਿਲਾਂ ਨੂੰ ਚੁਰਾ ਲੈਣ ਵਾਲੇ ਬਾਦਸ਼ਾਹ ਦੇ ਕੱਦ ਉਦਾਲੇ ਚੱਕਰ ਕੱਟ,
ਅਤੇ ਉਸ ਸੁਗੰਧਤ ਜ਼ੁਲਫ ਦੇ ਫੰਧੇ ਦਾ ਕੈਦੀ ਬਣ ਜਾ।(3)

ਮੈਂ ਤੈਨੂੰ ਇਹ ਨਹੀਂ ਕਹਿੰਦਾ,ਕਿ ਤੂੰ ਮੰਦਰ ਜਾਂ ਕਾਅਬੇ ਵਲ ਜਾ,
ਮੈਂ ਤਾਂ ਕਹਿੰਦਾ ਹਾਂ,ਕਿ ਕਿੱਧਰ ਵੀ ਤੂੰ ਜਾਵੇਂ,ਮੂੰਹ ਰੱਬ ਵਲ ਰੱਖ।(4)

ਤੂੰ ਗੈਰਾਂ ਵਲ ਪਰਾਇਆਂ ਵਾਂਗ ਕਿਉਂ ਫਿਰਦਾ ਹੈਂ?
ਤੂੰ ਤਾਂ ਟੁੱਟੇ ਹੋਏ ਦਿਲ ਦੇ ਹਾਲ ਦਾ ਵਾਕਫ਼ਕਾਰ ਬਣ।(5)

ਸਦਾ ਗੋਯਾ ਦੇ ਦਿਲ ਵਾਂਗ ਸੰਤੋਖੀ ਅਤੇ ਹਰਿਆ ਭਰਿਆ ਰਹੁ,
ਤੂੰ ਅਪਣੇ ਨਿਜੀ ਸਵਾਰਥਾਂ ਤੋਂ ਮੁਕਤ(ਢੂੰਡਾਊ) ਹੋ ਜਾ{ਇਸ ਤਰ੍ਹਾਂ ਤੂੰ
ਅਸਲ ਮਨੋਰੱਥ ਪਾ ਲਵੇਂਗਾ}(6)(40)

# Ghazal Forty

You may become an inebriated, a mystic or a chaste one,
But turn into, an embodiment of worship and an ascetic.(1)

Do not gaze at the strangers, as you are epitome of blindness,
And maintain all your vision to keep it open for your friend.(2)

Go and circumambulate around the majestic and magnanimous captor of the hearts,
And be captivated in the halter of her aromatic tresses.(3)

I do not lead you to the temple or the mosque,
But I maintain, wherever you go, you must face the Almighty.(4)

Why are you proceeding towards the aliens like the strangers?
You, rather, become a source of consolation for the broken hearts.(5)

Remain contented and be pacified like the heart of Goya,
And remain aloof from temporal needs and gains.(6)(40)

# ਗ਼ਜ਼ਲ 41

ਸਾਰਿਆਂ ਦੇ ਸੀਨੇ ਲੂਹੇ ਪਏ ਹਨ।
ਦੋਵੇਂ ਜਹਾਨ ਉਸ ਦੇ ਦੀਦਾਰ ਲਈ ਹੈਰਾਨ ਹਨ, ਪਰੇਸ਼ਾਨ ਹਨ।(1)

ਤੇਰੀ ਗਲੀ ਦੀ ਧੂੜ ਨਾਲੋਂ,ਜਿਹੜੀ ਦਿੱਬ ਦ੍ਰਿਸ਼ਟੀ ਵਾਲੇ ਆਰਫਾਂ ਲਈ ਸੁਰਮਾ ਹੈ,
ਰੋਂਦੀ ਹੋਈ ਅੱਖ ਲਈ ਹੋਰ ਕੋਈ ਚੰਗੇਰਾ ਇਲਾਜ ਨਹੀਂ(2)

ਚੰਨ ਸੂਰਜ ਰਾਤ ਦਿਨ ਉਸ ਦੀ ਗਲੀ ਦੀ ਪਰਕਰਮਾ ਕਰਦੇ ਰਹਿੰਦੇ ਹਨ,
ਉਸ ਦਾ ਇਹ ਅਹਿਸਾਨ ਹੈ ਕਿ ਉਹ ਦੋਹਾਂ ਜਹਾਨਾਂ ਨੂੰ ਰੋਸ਼ਨੀ ਬਖ਼ਸ਼ਣ ਯੋਗ ਬਣਾ ਦਿੰਦੀ ਹੈ।(3)

ਜਿੱਧਰ ਵੀ ਮੈਂ ਵੇਖਦਾ ਹਾਂ,ਉਸ ਦੇ ਹੁਸਨ ਜਮਾਲ ਦਾ ਜਲਵਾ ਮਿਲਦਾ ਹੈ।
ਉਸ ਦੀ ਕੁੰਡਲਦਾਰ ਜ਼ੁਲਫ ਦੇ ਕਾਰਣ ਜਹਾਨ ਸਦਾ ਪਰੇਸ਼ਾਨ ਅਤੇ ਸ਼ੁਦਾਈ ਰਹਿੰਦਾ ਹੈ।(4)

ਮੇਰੇ ਅਥਰੂਆਂ ਨਾਲ ਧਰਤ ਦਾ ਖੀਸਾ ਪੋਸਤ ਦੇ ਫੁੱਲਾਂ ਦੇ ਮੋਤੀਆਂ ਨਾਲ ਭਰ ਗਿਆ ਹੈ।
ਉਸ ਦੇ ਮੁਸਕਰਾਂਦੇ ਹੋਏ ਲਾਲ ਹੋਠਾਂ ਦੀ ਯਾਦ ਨਾਲ ਗੋਯਾ ਮੈਂ ਤਾਂ ਸਾਰਾ ਜਹਾਨ ਸਰ ਕਰ ਲਿਆ ਹੈ(5)(41)

# Ghazal Forty-one

Hearts are kindling and the minds are ablaze,
In predicament, both the domains are yearning for your glimpse.(1)

The dust of your portal, which is a celestial antimony for the pious ones,
Is not comparable by any cure for the tormented visions.(2)

Both, the moon and the sun, revolve around her path,
And it is her beneficence that she equips them to oblige the universe with brilliance.(3)

Wherever I observe, there prevails the charm of her grace,
And the temporal world remains lured by her curled tresses.(4)

The earthen stratum is laden with my pearly tears,
But still, Goya, I am retaining my grip on the world for the sake of her vivacious red lips.(5)(41)

# ਗ਼ਜ਼ਲ 42

ਜਿਸ ਕਿਸੇ ਨੇ ਵੀ ਤੇਰੀ ਵਿਸ਼ੇਸ਼ ਗੱਲ ਸੁਣੀ ਹੈ ,
ਉਹ ਸੈਂਕੜੇ ਸਖ਼ਤ ਗਮਾਂ ਤੋਂ ਝੱਟ ਹੀ ਮੁਕਤ ਹੋ ਗਿਆ।(1)

ਪੂਰੇ ਅਤੇ ਕਾਮਿਲ ਸਤਿਗੁਰੂ ਦਾ ਸ਼ਬਦ ਸਾਡੇ ਲਈ ਅੰਮ੍ਰਿਤ ਹੈ,
ਇਹ ਮੁਰਦਾ ਦਿਲਾਂ ਨੂੰ ਸੁਰਜੀਤ ਅਤੇ ਮੁਕਤ ਕਰ ਦਿੰਦਾ ਹੈ(2)

ਤੇਰੇ ਹਉਮੈ ਦੇ ਵਿਖਾਵੇਂ ਤੋਂ ਰੱਬ ਕੋਹਾਂ ਦੂਰ ਹੈ,
ਜੇ ਤੂੰ ਆਪਣੇ ਅੰਦਰ ਝਾਤੀ ਮਾਰੇਂ ਤਾਂ ਹਉਮੈਂ ਤੋਂ ਮੁਕਤ ਹੋ ਜਾਵੇਂ(3)

ਹੇ ਗੋਯਾ! ਤੂੰ ਆਪਣਾ ਹੱਥ ਹਿਰਸ ਅਤੇ ਲਾਲਚ ਤੋਂ ਖਿੱਚ ਲੈ,
ਤਾਂ ਜੋ ਆਪਣੇ ਘਰ ਦੇ ਅੰਦਰ ਹੀ ਉਸ ਮਹਾਨ ਰੱਬ ਨੂੰ ਵੇਖ ਸਕੇਂ(4)(42)

# Ghazal Forty-two

Whosoever discerns your attributes,
He emancipates himself of hundreds of deep-rooted adversities.(1)

Heeding to the expositions of the perfect and pious master is nectar for us,
It is like the resuscitation and deliverance of the stagnant hearts.(2)

The Almighty is miles away from your egoist pretence,
But, if you implore your insight, you may be emancipated from your vanity.(3)

Oh, Goya, you withdraw your hands away from greediness and attachments,
So that you may espy the Almighty in your inner-self.(4)(42)

# ਗ਼ਜ਼ਲ 43

ਆ, ਤੂੰ ਮਸਤ-ਚਾਲ ਸਰੂ ਵਾਂਗ ਝੱਟ ਪਲ ਲਈ ਬਾਗ਼ ਦੀ ਸੈਰ ਲਈ ਆ।
ਤੇਰੇ ਵਲ ਵੇਖਦੇ ਵੇਖਦੇ ਸਾਡੀਆਂ ਅੱਖਾਂ ਪੱਕ ਗਈਆਂ ਹਨ।(1)

ਮੇਰੇ ਦਿਲ ਦੇ ਜ਼ਖਮ ਲਈ ਤੇਰੀ ਇਕੋ ਮੁਸਕਾਨ ਮਹਰਮ ਦਾ ਕੰਮ ਦੇਂਦੀ ਦੈ।
ਤੇਰੇ ਹੋਠਾਂ ਦੀ ਮੁਸਕਾਨ ਸਾਰੀਆਂ ਬੀਮਾਰੀਆਾਂ ਦੀ ਦਵਾ ਹੈ।(2)

ਉਸ ਨੇ ਮੇਰੇ ਵਲ ਇਕ ਨਿਗਾਹ ਕੀਤੀ, ਅਤੇ{ਨਾਲ ਹੀ} ਮੇਰੇ ਦਿਲ ਦੀ ਰਾਸ ਲੁਟ ਲਈ।
ਉਸ ਨੇ ਆਪਣੀ ਤਿਰਛੀ ਨਜ਼ਰ ਨਾਲ ਮੇਰੇ ਦਿਲ ਦੇ ਬੋਝੇ ਨੂੰ ਕੈਂਚੀ ਵਾਂਗ ਕੱਟ ਦਿੱਤਾ।(3)

ਹੇ ਰੂਪ ਜਮਾਲ ਦੇ ਬਾਗ ਦੀ ਨਵ-ਬਹਾਰ! ਆਪਣੀ ਆਮਦ ਦੀ ਬਖਸ਼ਿਸ਼ ਨਾਲ,
ਤੂੰ ਜਹਾਨ ਨੂੰ ਬਹਿਸ਼ਤ ਦੇ ਬਾਗ ਵਰਗਾ ਬਣਾ ਦਿੱਤਾ ਹੈ,ਕਿਹਾ ਚੰਗਾ ਹੈ ਇਹ ਬ਼ਖਸ਼ਿਸ਼ਾਂ ਕਰਨ ਵਾਲਾ।(4)(43)

# Ghazal Forty-three

Come, with your exhilarating and graceful gait, for a walk in the garden,
As our eyes are already vexed anticipating your arrival.(1)

For my afflicted heart, even, your one smile is the salve,
And one beam, out of your graceful lips, is the panacea for all the ailments.(2)

She turned to me with just one glance of hers and pillaged my heart,
And with her sharp vision picked its pocket.(3)

Your auspicious footsteps have rejuvenated the spring,
And this temporal world has been transmuted into a paradise. How gracious !(4)

Why don't you divert your one glance towards Goya's miseries?
So that he can behold his glorious master in his inner-self.(5)(43)

# ਗ਼ਜ਼ਲ 44

ਸਾਡਾ ਤੇਰੇ ਨਾਲ ਸਾਕ ਸਬੰਧ ਹੈ,
ਤੇਰੀ ਆਮਦ ਕਰਕੇ ਸਾਰੀ ਦੁਨੀਆਂ ਵਿਚ ਖੁਸ਼ੀ ਹੀ ਖੁਸ਼ੀ ਹੈ।(1)

ਮੈਂ ਆਪਣੇ ਖਿੜੇ ਦਿਲ ਅਤੇ ਖੁਲ੍ਹੇ ਨੈਣਾਂ ਨੂੰ,
ਤੇਰੀ ਆਮਦ ਦੇ ਰਾਹ ਉਤੇ ਵਿਛਾ ਦਿੱਤਾ ਹੈ।(2)

ਤੂੰ ਰੱਬ ਦੇ ਫਕੀਰਾਂ ਉਤੇ ਮਿਹਰ ਕਰ,
ਤਾਂ ਜੋ ਇਸ ਦੁਨੀਆਂ ਵਿਚ ਤੈਨੂੰ ਖ਼ੁਸ਼ੀ ਹਾਸਲ ਹੋਵੇ।(3)

ਹਮੇਸ਼ਾਂ ਆਪਣੇ ਦਿਲ ਨੂੰ ਰੱਬ ਦੇ ਪਾਸੇ ਲਾ,
ਤਾਂ ਜੋ ਤੂੰ ਸਹਿਜੇ ਹੀ ਇਸ ਪੁਲ-ਸਿਰਾਤ {ਭਉਜਲ} ਤੋਂ ਲੰਘ ਜਾਵੇਂ ।(4)

ਕੋਈ ਵੀ ਇਸ ਆਸਮਾਨ ਦੇ ਹੇਠ ਸੌਖਾ ਅਤੇ ਖ਼ੁਸ਼ਹਾਲ ਨਹੀਂ,
ਹੇ ਗੋਯਾ, ਤੂੰ ਇਸ ਪੁਰਾਣੀਂ ਸਰਾਂ ਤੋਂ ਲੰਘ ਜਾ।(5)(44)

# Ghazal Forty-four

We have a prominent relationship with you,
And your advent is the harbinger of happiness to the world.(1)

My blooming heart and outstretched vision,
All, I have spread on the way you are coming.(2)

Be benevolent to the devotees of the Almighty,
To savour the happiness, prevailing in the world.(3)

Always put your thoughts towards the Divine avenues,
So that you can easily cross over the bridge of Siraat*.(4)

None is happy and contented under this firmament,
O, Goya, now you just pass through this dilapidated inn.(5)(44)

* According to the Muslim belief, a bridge that is as narrow asa hair as sharp as the edge of a sword and crosses over the fire of hell.

# ਗ਼ਜ਼ਲ 45

ਜਿਥੇ ਵੀ, ਮੇਰੀ ਜਾਨ !ਤੂੰ ਜਾਵੇਂ ਤੇਰਾ ਰੱਬ ਰਾਖਾ ਹੋਵੇ,
ਤੂੰ ਮੇਰਾ ਦਿਲ ਅਤੇ ਈਮਾਨ ਲੈ ਚਲਿਆ ਹੈਂ, ਤੇਰਾ ਰੱਬ ਰਾਖਾ ਹੋਵੇ।(1)

ਬੁਲਬੁਲ ਅਤੇ ਫੂਲ ਦੋਵੇਂ ਹੀ ਤੇਰੀ ਉਡੀਕ ਵਿਚ ਹਨ,
ਝੱਟ ਪਲ ਲਈ ਤੂੰ ਮੇਰੇ ਬਾਗ ਵਲ ਆ। ਤੇਰਾ ਰੱਬ ਰਾਖਾ ਹੋਵੇ।(2)

ਆਪਣੇ ਲਾਲ ਹੋਠਾਂ ਤੋਂ ਮੇਰੇ ਜ਼ਖਮੀ ਦਿਲ ਉਤੇ ਲੂਣ ਛਿਣਕ,
ਅਤੇ ਮੇਰੇ ਕਬਾਬ ਹੋਏ ਸੀਨੇ ਨੂੰ ਸਾੜ। ਤੇਰਾ ਰੱਬ ਰਾਖਾ।(3)

ਕਿਨਾਂ ਚੰਗਾ ਹੋਵੇ, ਕਿ ਤੇਰਾ ਉੱਚਾ ਲੰਮਾ ਸਰੂ ਵਰਗਾ ਕੱਦ,
ਮੇਰੇ ਬਾਗ ਵਲ ਝੱਟ ਪਲ ਲਈ ਟਹਿਲਦਾ ਆਵੇ। ਤੇਰਾ ਰੱਬ ਰਾਖਾ।(4)

ਆ, ਮੇਰੀਆਂ ਅੱਖਾਂ ਦੀ ਧੀਰੀ ਵਿਚ ਆ ਜਾ,
ਕਿਉਂ ਜੋ ਤੇਰਾ ਘਰ ਮੇਰੀਆਂ ਰੋਂਦੀਆਂ ਅੱਖਾਂ ਵਿਚ ਹੈ। ਰੱਬ ਤੇਰਾ ਸਹਾਈ ਹੋਵੇ।(5)(45)

# Ghazal Forty-five

Oh, my life, wherever you go, may the Almighty protect you,
You have taken my heart and faith; may God shelter you.(1)

Both the nightingale and the flower are yearning for you,
Come, for a moment may be, to my garden; may God bless you.(2)

Sprinkle salt through your reddish lips on my impaired heart,
And let my roasted heart be burnt; may Almighty protect you.(3)

How charming it will be if your lofty stature,
Comes strolling into my garden; may God grace you.(4)

Come, come into the pupil of my vision,
As your abode is in my tear-shedding eyes; may Almighty be your shelter.(5)(45)

# ਗ਼ਜ਼ਲ 46

ਐ, ਕਿ ਤੇਰਾ ਮੁਖੜਾ ਸ਼ਮ੍ਹਾਂ ਲਈ ਵੀ ਰੋਣਕ ਦਾ ਕਾਰਨ ਹੈ,
ਸ਼ਮ੍ਹਾਂ ਦੀ ਮੋਤੀ ਵਸਾਉਣ ਵਾਲੀ ਅੱਖ ਅਥਰੂ ਕੇਰ ਰਹੀ ਹੈ।(1)

ਜਿਥੇ ਵੀ ਉਨ੍ਹਾਂ ਕੋਈ ਦੀਵਾ ਬਾਲਿਆ ਹੈ,
ਮਾਨੋ ਉਹ ਸ਼ਮ੍ਹਾਂ ਦੀ ਗੁਲਜ਼ਾਰ ਦਾ ਇਕ ਫੁਲ ਹੈ(2)

ਜਦ ਦਾ ਤੂੰ ਆਪਣੇ ਮੁਖੜੇ ਨੂੰ ਰੋਸ਼ਨ ਕੀਤਾ ਹੈ,
ਸ਼ਮ੍ਹਾਂ ਸੌ ਸੌ ਵਾਰ ਤੈਥੋਂ ਕੁਰਬਾਨ ਜਾ ਰਹੀ ਹੈ।(3)

ਤੇਰੇ ਮੁਖੜੇ ਤੋਂ ਕੁਰਬਾਨ ਕਰਨ ਲਈ
ਸ਼ਮ੍ਹਾਂ ਦੀਆਂ ਰੋਦੀਆਂ ਅਖਾਂ ਆਪਣੀ ਜਾਨ ਕੇਰ ਰਹੀਆਂ ਹਨ।(4)

ਅੱਜ ਰਾਤ ਤੂੰ ਨਾ ਆਇਓਂ,ਤੇਰੀ ਭਾਰੀ ਉਡੀਕ ਵਿਚ
ਸਮ੍ਹਾਂ ਦੀ ਅਗ ਵਸਾਉਣ ਵਾਲੀ ਅੱਖ ਨੇ ਮਹਿਫਲ ਨੂੰ ਸਾੜ ਸੁਟਿਆ।(5)

ਗੋਯਾ ਤੜਕੇ ਸਵੇਰ ਵੇਲੇ ਕਿੰਨਾ ਸੁੰਦਰ ਅਤੇ ਬਚਿਤ੍ਰ ਨਜ਼ਾਰਾ ਹੁੰਦਾ ਹੈ,
ਕਿ ਸਾਰਾ ਸੰਸਾਰ ਤਾਂ ਸੁੱਤਾ ਪਿਆ ਹੁੰਦਾ ਹੈ ਅਤੇ ਸ਼ਮਾਂ ਜਾਗ ਰਹੀ ਹੁੰਦੀ ਹੈ । (6)(46)

# Ghazal Forty-six

Whereas, O My Beloved, your semblance is a source of illumination for the candle,
There, the pearl-shedding candle-light is scattering the tears.(1)

Wherever the candlelight is kindled,
It becomes the illuminated flower of the garden of the candle.(2)

Since the time you illuminated your visage,
The candlelight is sacrificing itself for you a hundred times.(3)

To sacrifice themselves for sake of your face,
The tearful eyes of the candlelight are showering their life.(4)

Tonight you came not and waiting for you,
The searing glow of candlelight scorched the multitude.(5)

Goya, how amazing and beautiful is the sight of early morning!
All the humanity is in slumber but the candlelight is still beaming.(6)(46)

# ਗ਼ਜ਼ਲ 47

ਹੇ ਸਾਕੀ! ਉੱਠ ਅਤੇ ਪਿਆਲੇ ਨੂੰ ਭਰ ਦੇ,
ਤਾਂ ਜੋ ਉਸ ਦੇ ਨਾਲ ਮੈਂ ਅਪਣਾ ਦਿਮਾਗ਼ ਰੰਗੀਨ ਕਰ ਲਵਾਂ।(1)

ਤੇਰੇ ਜ਼ੁਲਫ ਦਾ ਫੰਦਾ ਮੇਰਾ ਦਿਲ ਫਸਾ ਕੇ ਲੈ ਗਿਆ ਸੀ,
ਮੈਨੂੰ ਉਸ ਦੇ ਹਰ ਪੇਚ ਵਿਚੋਂ ਇਹੋ ਸੂਹ ਮਿਲੀ ਹੈ।(2)

ਪਾਕ ਦੀਦਾਰ ਦੀਆਂ ਨੂਰੀ ਕਿਰਨਾਂ ਤੋਂ,
ਸੈਂਕੜੇ ਹਜ਼ਾਰਾਂ ਦੀਵੇ ਹਰ ਪਾਸੇ ਬਲ ਉਠੇ ਹਨ।(3)

ਹੇ ਗੋਯਾ, ਤੂੰ ਸਦਾ ਉਸ ਦੀ ਯਾਦ, ਉਸ ਦਾ ਸਿਮਰਨ ਕਰ।
ਤਾਂ ਜੋ ਤੂੰ ਦੁਨੀਆਂ ਦੇ ਗ਼ਮਾਂ ਤੋਂ ਅਜ਼ਾਦ ਹੋ ਜਾਵੇਂ।(4)(47)

# Ghazal Forty-seven

Oh, Saki (the bartender), come and fill the cup,
So that I can make my reflections colourful.(1)

The halter of your spiralling tress has trammelled my heart,
Out of its each twined curl I have found this guidance.(2)

Through the brilliance of the virtuous and celestial rays,
Hundreds of thousands of the candle-lights are kindling all over.(3)

O, Goya, always retain his remembrance and meditate on him,
So that you are emancipated from all the miseries of the world.(4)(47)

# ਗ਼ਜ਼ਲ 48

ਜੇਕਰ ਤੂੰ ਸ਼ੌਕ ਨਾਲ ਆਪਣਾ ਮਨ ਸਾਫ ਕਰ ਲਵੇਂ,
ਤਾਂ ਬਿਨਾਂ ਕਿਸੇ ਅਤਿਕਥਨੀ ਦੇ ਤੂੰ ਛੇਤੀ ਆਪਣਾ ਆਪ ਪਾ ਲਵੇਂਗਾ।(1)

ਹਉਮੈਂ ਕਰਕੇ ਜਦ ਕਿ ਤੂੰ ਰੱਬ ਤੋਂ ਦੂਰ ਹੋ ਗਿਆ ਹੈਂ,
ਮਨਮਤਿ ਨੂੰ ਦੂਰ ਕਰ ਦੇ, ਅਤੇ ਰੱਬ ਨੂੰ ਜ਼ਾਹਰਾ ਵੇਖ ਲੈ ।(2)

ਪ੍ਰੇਮ-ਮੱਤੇ ਤਾਂ ਸਦਾ ਹੀ ਪ੍ਰੇਮ ਦੇ ਕੁੱਠੇ ਹੁੰਦੇ ਹਨ,
ਓ ਡੀਂਗਾਂ ਮਾਰਨ ਵਾਲੇ,ਉਨ੍ਹਾਂ ਸਾਹਮਣੇ ਡੀਂਗ ਨਾ ਮਾਰੀਂ।(3)

ਇਨ੍ਹਾਂ ਪੰਜਾਂ ਇੰਦ੍ਰੀਆਂ ਦੇ ਭੋਗ ਸੁਆਦ ਨੂੰ ਛੱਡ,
ਤਾਂ ਜੋ ਤੈਨੂੰ ਸਾਫ ਪਿਆਲੇ ਦਾ ਸੁਆਦ ਆ ਸਕੇ।(4)

ਗੋਯਾ ਤੂੰ ਸਦਾ ਪੂਰੇ ਸਤਿਗੁਰ ਦੀ ਰਾਹ ਢੂੰਡਦਾ ਰਹੁ,
ਤਾਂ ਜੋ ਸੰਸਾਰ ਦੀ ਦੁਬਿਧਾ ਤੋਂ ਮੁਕਤ ਹੋ ਜਾਵੇਂ।(5)(48)

# Ghazal Forty-eight

If you spruce your understanding with fondness,
Then, soon, you will, without any exaggeration, envisage your own self.(1)

Entrapped in conceit, you have gone far away from the Almighty,
If you cast off your vanity, you can behold the manifest God.(2)

The ones imbued with love are always love-lorn,
It is futile to brag before them, O boaster.(3)

Relinquish revelling in the enjoyment of five senses.
So that you may relish the cup full of piety.(4)

If you can find your way to your preceptor,
O Goya, you will emancipate yourself from the temporal adversities.(5)(48)

# ਗ਼ਜ਼ਲ 49

ਉਸ ਦੇ ਮਿਲਾਪ ਦੀ ਆਮਦ ਦੇ ਕਾਰਨ ਮੇਰੇ ਹੱਥੋਂ ਬ੍ਰਿਹਾ ਦੀ ਵਾਗ ਡੋਰ ਛੁੱਟ ਗਈ,
ਕਿਥੋਂ ਕੁ ਤੱਕ ਇਸ ਬ੍ਰਿਹਾ ਦੀ ਵਿਥਿਆ ਸੁਣਾਉਂਦੇ ਰਹੀਏ?(1)

ਤੇਰੇ ਬਿਨਾਂ ਮੇਰੇ ਦੋਹਾਂ ਨੇਤਰਾਂ ਅਤੇ ਭਰਵੱਟਿਆਂ ਵਿਚ ਹੋਰ ਕੋਈ ਨਹੀਂ ਸੀ,
ਉਨ੍ਹਾਂ ਵਿਚ ਏਸੇ ਲਈ ਹੁਣ ਸਾਨੂੰ ਬਿਰਹਾ ਦਾ ਕੋਈ ਨਿਸ਼ਾਨ ਨਹੀਂ ਲੱਭਦਾ।(2)

ਹ੍ਹਾਲੀ ਵਿਛੋੜੇ ਨੇ ਤੇਰੇ ਮਿਲਾਪ ਨੂੰ ਨਹੀਂ ਸੀ ਛੋਹਿਆ।
ਅਸਾਂ ਵਿਛੋੜੇ ਦੀ ਜ਼ਬਾਨੀ ਮਿਲਾਪ ਦੀਆਂ ਗੱਲਾਂ ਸੁਣੀਆਂ ਹਨ।(3)

ਤੇਰੇ ਵਿਛੋੜੇ ਨਾਲ ਮੇਰੇ ਦਿਲ ਨੂੰ ਅਜਿਹੀ ਅੱਗ ਲੱਗੀ,
ਕਿ ਮੇਰੇ ਵਾਵੇਲੇ ਦੀ ਬਿਜਲੀ ਨੇ ਵਿਛੋੜੇ ਦਾ ਘਰ ਸਾੜ ਫੂਕ ਦਿੱਤਾ।(4)

ਤੇਰੇ ਵਿਛੋੜੇ ਨੇ ਗੋਯਾ ਨਾਲ ਕੀ ਕੁਝ ਕੀਤਾ?
ਇਹ ਵਿਥਿਆ {ਇਤਨੀ ਲੰਬੀ ਹੈ ਕਿ} ਕਿਸੇ ਹਿਸਾਬ ਕਿਤਾਬ ਵਿਚ ਨਹੀਂ ਆਉਂਦੀ।(5)(49)

# Ghazal Forty-nine

Her coming for a rendezvous has eliminated the cause of separation,
How long could I have gone on narrating the account of my alienation?(1)

Except you, there is none in and outside my vision,
And nor does there exist any trace of estrangement.(2)

As yet the alienation had not soiled my encounter with you,
As I had heard the criterion of reunion through separation.(3)

Alienation from you has so scorched my heart,
That the lightening my cries has incinerated the abode of isolation.(4)

What has this isolation from you done to Goya’s thinking?
Its narration is beyond description.(5)(49)

# ਗ਼ਜ਼ਲ 50

ਮੇਰੇ ਪਾਸੋਂ ਪ੍ਰੇਮ ਦੀ ਚਾਲ ਦੀ ਗੱਲ ਸੁਣ,
ਤਾਂ ਜੋ ਤੈਨੂੰ ਪ੍ਰੇਮ ਦੀ ਗਲ ਬਾਤ ਦਾ ਸੁਆਦ ਆ ਸਕੇ।(1)

ਰੱਬ ਦੇ ਪਿਆਰ ਨੇ ਹਰ ਕਿਸੇ ਨੂੰ ਢਾਹ ਦਿੱਤਾ,
ਉਹ ਪ੍ਰੇਮ ਦੇ ਮਾਮਲੇ ਦੀ ਖ਼ੁਸ਼ੀ ਨੂੰ ਗਨੀਮਤ ਸਮਝਦਾ ਹੈ।(2)

ਉਹੋ ਦਮ ਸੁਭਾਗਾ ਹੈ, ਜੋ ਉਸ ਦੀ ਯਾਦ ਵਿਚ ਗੁਜ਼ਰੇ,
ਉਹੋ ਸਿਰ ਕਰਮਾ ਵਾਲਾ ਹੈ ਜੋ ਪ੍ਰੇਮ ਦੇ ਰਾਹੇ ਲਗ ਜਾਵੇ।(3)

ਹਜ਼ਾਰਾਂ ਹੀ ਪ੍ਰੇਮੀ ਤਲੀ ਤੇ ਜਾਨ ਰਖੀ ਉਸ ਦੇ ਰਾਹ ਉਤੇ,
ਪ੍ਰੀਤ ਦੀ ਕੰਧ ਨਾਲ ਢਾਸਣਾਂ ਲਾਈ ਖੜੇ ਹਨ।(4)

ਜਿਸ ਨੇਂ ਵੀ ਰੱਬ ਦੇ ਰਾਹ ਓਤੇ ਬੇਦਅਬੀ ਕੀਤੀ,
ਮਨਸੂਰ ਵਾਂਗ ਉਸ ਨੂੰ ਪ੍ਰੇਮ ਦੀ ਸੂਲੀ ਹੀ ਠੀਕ ਫਬਦੀ ਹੈ।(5)

ਸੁਭਾਗਾ ਹੈ ਦਿਲ,ਜੋ ਰੱਬ ਦੇ ਪ੍ਰੇਮ ਨਾਲ ਭਰਿਆ ਪਿਆ ਹੈ,
ਪ੍ਰੇਮ ਦੇ ਭਾਰ ਨਾਲ ਹੀ ਆਸਮਾਨ ਦੀ ਪਿੱਠ ਝੁਕ ਗਈ ਹੈ।(6)

ਜੇ ਕਰ ਤੂੰ ਪਰੇਮ ਦੀ ਸਿਤਾਰ 'ਚੋਂ ਨਿਕਲੇ ਰਾਗ ਸੁਣ ਲਵੇਂ,
ਤਾਂ ਨੇਕ ਸੁਭਾਉ ਵਾਲੇ ਬੰਦੇ, ਤੂੰ ਸਦਾ ਲਈ ਅਮਰ ਹੋ ਜਾਵੇਂ।(7)
ਬਾਦਸ਼ਾਹਾਂ ਨੇ ਰਾਜ ਛੱਡ ਦਿੱਤੇ,
ਤਾਂ ਜੋ ਪ੍ਰੇਮ ਦੇ ਭੇਤਾਂ ਤੋਂ ਵਾਕਿਫ ਹੋ ਸਕਣ।(8)
ਗੋਯਾ ਵਾਂਗ ਜਿਸ ਨੂੰ ਵੀ ਪ੍ਰੇਮ ਦੀ ਬਿਮਾਰੀ ਲੱਗੀ,
ਰੱਬ ਦੀ ਬੰਦਗੀ ਬਿਨਾਂ ਉਸ ਨੇ ਹੋਰ ਕੋਈ ਮਲ੍ਹਮ ਨਹੀਂ ਵੇਖੀ।(9)(50)

# Ghazal Fifty

Listen to the description of the manner of love,
So that you can relish the parleys of attachment.(1)

The one, whom the Almighty has subjugated in love,
In the affairs of devotion, considers himself lucky.(2)

That moment is auspicious which is spent in his meditation,
And only that head is lucky which rolls for the sake of his admiration.(3)

Thousands, ready to sacrifice their lives, are standing in his avenue,
Supporting themselves against the wall of love.(4)

Whosoever disobeys on his way to the Almighty,
Only the noose like Mansoor's, suits him.(5)

Fortunate is heart, which is endowed with the celestial penchant,
And the overwhelming regard has hunched the back of sky.(6)

If you heed the devoted melody emanating through the sitar*,
You, the kind one, will become immortal.(7)

The sovereigns abandoned the kingdoms,
Just to gain insight into the secrets of love.(8)

Like Goya, whosoever suffered from the malady of love,
Except the meditation of the Almighty, he toiled for no other ointment.(9)(50)

# ਗ਼ਜ਼ਲ 51

ਉਸ ਪਾਕ ਪਰਵਹਦਗਾਰ ਨੇ ਮੈਨੂੰ ਇਸ ਲਈ ਪੈਦਾ ਕੀਤਾ ਹੈ,
ਕਿ ਮਿੱਟੀ ਦੇ ਇਸ ਸਰੀਰ ਵਿਚੋਂ ਰੱਬ ਦੇ ਨਾਮ ਬਿਨਾ ਹੋਰ ਕੁਝ ਨਾ ਨਿਕਲੇ।(1)

ਤੇਰੀ ਜੁਦਾਈ ਵਿਚ ਪ੍ਰੀਤਵਾਨਾ ਦੇ ਜਾਨ ਅਤੇ ਦਿਲ ਦੀ ਇਹ ਹਾਲਤ ਹੈ,
ਕਿ ਪੋਸਤ ਦੇ ਫੁਲ ਵਾਂਗ ਉਨ੍ਹਾਂ ਦਾ ਜਿਗਰ ਦਾਗਦਾਰ ਹੈ ਅਤੇ ਸੀਨਾ ਲੀਰੋ ਲੀਰ।(2)

ਰੱਬ ਦੀ ਯਾਦ ਤੋਂ ਬਿਨਾ ਸਮੇਂ ਨੂੰ ਮੋਤ ਕਿਹਾ ਗਿਆ ਹੈ,
ਜਦ ਤਕ ਸਾਨੂੰ ਤੇਰੀ ਛਤਰ ਛਾਇਆ ਨਸੀਬ ਹੈ,ਸਾਨੂੰ ਕੋਈ ਡਰ ਨਹੀਂ।(3)

ਤੇਰੀ ਖਾਤਰ ਬਾਦਸ਼ਾਹਾਂ ਨੇ ਤਖ਼ਤ ਅਤੇ ਤਾਜ ਛੱਡ ਦਿੱਤੇ,
ਮੁਖੜੇ ਤੋਂ ਬੁਰਕਾ ਚੁਕ ਕਿਉਂਕਿ ਸਾਰਾ ਜਗ ਮਰਿਆ ਪਿਆ ਹੈ।(4)

ਐ ਕਿ ਤੇਰੀ ਦਰਗਾਹ ਦੀ ਧੂੜ ਸੰਸਾਰ ਨੂੰ ਤੰਦਰੁਸਤੀ ਬਖਸ਼ਣ ਵਾਲੀ ਹੈ,
ਤੂੰ ਦਰਦ ਦੇ ਮਾਰੇ ਪਰਦੇਸੀਆਂ ਦੇ ਹਾਲ ਉਤੇ ਤਰਸ ਖਾ।(5)

ਇਹ ਦੁਨੀਆਂ ਹੀ ਹੈ, ਜੋ ਦੋਹਾਂ ਜਹਾਨਾਂ ਨੂੰ ਬਰਬਾਦ ਕਰ ਦਿੰਦੀ ਹੈ,
ਦਾਰਾ ਵੀ ਮਿੱਟੀ ਵਿਚ ਰਲ ਗਿਆ, ਅਤੇ ਕਾਰੂੰ ਵੀ ਮਾਰਿਆ ਗਿਆ।(6)

ਤੇਰੇ ਬਿਨਾਂ ਮੇਰੀ ਅਖ ਹਮੇਸ਼ਾਂ ਇਉਂ ਮੋਤੀ ਕੇਰਦੀ ਰਹਿੰਦੀ ਹੈ,
ਜਿਵੇਂ ਅੰਗੂਰ ਦੇ ਗੁੱਛਿਆਂ ਵਿਚੋਂ ਦਾਣੇ ਡਿਗਦੇ ਰਹਿੰਦੇ ਹਨ।(7)(51)

# Ghazal Fifty-one

The Almighty has endowed life to me for the purpose,
That out of this mortal body, comes nothing but his name.(1)

In separation from you, the lovers' condition is like that of
The flowers of poppy the hearts of which are stained and the chests are torn apart.(2)

Inert is the time, which is spent without meditation on you,
But, so long as your protection is there, there is no apprehension.(3)

For your sake, the emperors have relinquished their thrones,
Please, unveil yourself, as the whole universe is getting deadbeaten.(4)

Listen, the dust of your portal rejuvenates the world,
And, please, be compassionate to the seeking travellers who come in distress.(5)

Temporal entity is the one, which is tarnishing both the worlds,
Dara was reduced to the dust, and Karoon was annihilated too.(6)

Without you my eyes always keep on pouring the pearly tears,
O, Goya as the grapes pour out of the bunches.(7)(51)

# ਗ਼ਜ਼ਲ 52

ਮੈਂ ਨਹੀਂ ਜਾਣਦਾ, ਕਿ ਮੈਂ ਕੌਣ ਹਾਂ ,
ਅਸੀਂ ਉਸ ਰੱਬ ਦੇ ਬੰਦੇ ਹਾਂ,ਅਤੇ ਉਹ ਹਰ ਥਾਂ ਮੇਰਾ ਰਾਖਾ ਹੈ।(1)

ਰੱਬ ਦੇ ਮਹਿਰਮ ਸਿਵਾਇ ਰੱਬ ਦੇ ਨਾਮ ਦੇ ਹੋਰ ਕੋਈ ਸ਼ਬਦ ਮੂੰਹੋਂ ਨਹੀਂ ਕਢਦੇ
ਉਸ ਦੇ ਸਿਮਰਨ ਤੋਂ ਬਿਨਾਂ ਹੋਰ ਸੱਭ ਕੁਝ ਫਜ਼ੂਲ ਵਾਦ-ਵਿਵਾਦ ਹੈ।(2)

ਸਾਡੇ ਪੂਰੇ ਸਤਿਗੁਰੂ ਬੰਦਗੀ ਫਰਮਾਉਂਦੇ ਹਨ,
ਵਾਹ! ਕਿੰਨਾ ਮੁਬਾਰਿਕ ਹੈ ਉਹ ਬੋਲ ਜੋ ਉਸ ਦੇ ਹਾਲ ਦਾ ਮਹਿਰਮ ਬਣਾਂਦਾ ਹੈ।(3)(52)

# Ghazal Fifty-two

‘Who am I?’ I know not,
But we are his subjects and he is our protector.(1)

The adherents of the Almighty, meditate only on his name,
And except the reflections upon his name, nothing is deliberated.(2)

My perfect preceptor pronounces the benediction,
Charming is the exposition which makes me his confidant.(3)(52)

# ਗ਼ਜ਼ਲ 53

ਜਦ ਰੱਬ ਹਰ ਹਾਲਤ ਵਿਚ ਹਾਜ਼ਰ ਨਾਜ਼ਰ ਹੈ,
ਤਾਂ ਤੂੰ ਹੋਰ ਕਿਉਂ ਹੱਥ ਪੈਰ ਪਿਆ ਮਾਰਦਾ ਫਿਰਦਾ ਹੈਂ?(1)

ਰੱਬ ਦੀ ਸਿਫਤ ਸਲਾਹ ਕਰ,ਐ ਮੇਰੀ ਜਾਨ! ਹੋਰ ਕੁਝ ਨ ਕਹੁ,
ਨਾਮ ਜਪਣ ਵਾਲਾ ਬੰਦਾ ਬਣ ਜਾ, ਉਸ ਦੇ ਹਾਲ ਦਾ ਮਹਿਰਮ ਬਣ ਜਾ।(2)

ਰੱਬ ਦੀ ਯਾਦ ਤੋਂ ਛੁੱਟ ਜਿਹੜਾ ਦਮ ਵੀ ਗੁਜ਼ਾਰਿਆ,
ਕਾਮਲ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਬਰਬਾਦ ਗਿਆ।(3)

ਜਿਥੇ ਵੀ ਤੂੰ ਵੇਖੇਂ, ਉਸ ਤੋਂ ਬਿਨਾਂ ਹੋਰ ਕੋਈ ਨਹੀਂ,
ਐਨ ਮਿਲਾਪ ਵਿਚ ਤੂੰ ਕਿਉਂ ਗਾਫ਼ਲ ਹੁੰਦਾ ਹੈਂ?(4)

ਗੋਯਾ,ਤੂੰ ਰੱਬ ਦੇ ਨਾਮ ਤੋਂ ਬਿਨਾਂ ਹੋਰ ਕੁਝ ਨਾ ਕਹੁ,
ਕਿਉਂ ਜੋ ਬਾਕੀ ਸਭ ਗੱਲ-ਬਾਤ ਥੋਥੀ ਹੈ।(5)(53)

# Ghazal Fifty-three

When the Almighty exists in all the postures,
Why are you indulging in other undertakings?(1)

Oh my life, do nothing but praise the Lord,
And becoming his worshipper, procure his benefaction.(2)

All the time passed without reflecting upon him,
According to the impeccable ones, is just calamitous.(3)

Wherever you see, there is nothing but himself,
Just at the time of union, why do you become oblivious.(4)

Goya, don’t articulate a word except the name of the Almighty,
As all the rest of the tattle is just specious.(5)(53)

# ਗ਼ਜ਼ਲ 54

ਅਸਾਂ ਹਰ ਰੱਬ ਦੇ ਬੰਦੇ ਨੂੰ ਹੀ ਰੱਬ ਸਮਝਿਆ ਹੈ,
ਅਤੇ ਆਪਣੇ ਆਪ ਨੂੰ ਅਸਾਂ ਇਨ੍ਹਾਂ ਬੰਦਿਆਂ ਦਾ ਬੰਦਾ ਸਮਝਿਆ ਹੈ।(1)

ਸਾਡੀਆਂ ਅੱਖਾਂ ਦੀਆਂ ਪੁਤਲੀਆਂ ਨੂੰ ਸੁਰਮੇਂ ਦੀ ਕੋਈ ਲੋੜ ਨਹੀਂ,
ਕਿਉਂ ਜੋ ਅਸਾਂ ਰੱਬ ਦੇ ਬੰਦਿਆਂ ਦੇ ਰਾਹ ਦੀ ਧੂੜ ਨੂੰ ਹੀ ਸੁਰਮਾ ਸਮਝਿਆ ਹੈ।(2)

ਹਰ ਘੜੀ ਅਸੀ ਆਪਣਾ ਸਿਰ ਸਜਦੇ ਲਈ ਧਰਤ ਉਤੇ ਰਖਦੇ ਹਾਂ,
ਕਿਉਂ ਜੋ ਅਸਾਂ ਅਪਣੇ ਯਾਰ ਦੇ ਮੁਖੜੇ ਨੂੰ ਰੱਬ ਦਾ ਨੂਰ ਸਮਝਿਆ ਹੈ।(3)

ਫਕੀਰਾਂ ਨੇ ਬਾਦਸ਼ਾਹਾਂ ਨੂੰ ਬਾਦਸ਼ਾਹੀ ਬਖਸ਼ੀ ਹੈ,
ਇਸ ਲਈ ਉਸ ਦੀ ਗਲੀ ਦੇ ਫਕੀਰ ਨੂੰ ਅਸੀਂ ਬਾਦਸ਼ਾਹ ਸਮਝ ਲਿਆ ਹੈ।(4)

ਸਾਨੂੰ !ਐ ਗੋਯਾ, ਮੁਲਕ ਅਤੇ ਮਾਲ ਦੀ ਕੋਈ ਚਾਹ ਨਹੀਂ,
ਇਸ ਲਈ, ਕਿ ਅਸੀਂ ਤੇਰੀ ਜ਼ੁਲਫ ਦੇ ਸਾਯੇ ਨੂੰ ਹੁਮਾ ਦਾ ਪਰ ਸਮਝ ਲਿਆ ਹੈ।(5)(54)

# Ghazal Fifty-four

All the Divine ones, we appraise as the Almighty,
And consider ourselves to be the serfs of those souls.(1)

The pupils of our eyes need no antimony,
As we have savoured the dust of the feet of the pious ones.(2)

All the times, we keep our heads bowed on the ground for prostration,
As we value our benefactor's semblance as the Celestial illumination.(3)

The sovereigns are endowed with sovereignty by the hermits,
And, consequently, we regard the hermits of his avenue as the sovereigns.(4)

Oh, Goya, we have no longing for the sovereignty and the prosperity,
Because we deem your tresses as the cover under the wings of Huma*.(5)(54)

* Huma is a mythological bird, which stays in the skies, and any body passing under his shadow attains kingdom.

# ਗ਼ਜ਼ਲ 55

ਮੈਂ ਆਪਣੀ ਅੱਖ ਦੀ ਪੁਤਲੀ ਵਿਚ ਉਸ ਦਿਲ ਹਰਨ ਵਾਲੇ ਨੂੰ ਵੇਖਿਆ ਹੈ,
ਜਿੱਧਰ ਵੀ ਮੈਂ ਨਿਗਾਹ ਦੌੜਾਈ, ਮੈਂ ਆਪਣਾ ਸਜਨ ਹੀ ਵੇਖਿਆ ਹੈ।(1)

ਮੈਂ ਕਾਅਬੇ ਅਤੇ ਮੰਦਰ ਦੋਹਾਂ ਥਾਵਾਂ ਦੀ ਪਰਕਰਮਾ ਕੀਤੀ ਹੈ
ਮੈਨੰ ਤਾਂ ਹਰ ਥਾਂ ਤੇਰੇ ਬਿਨਾ ਕੋਈ ਨਹੀਂ ਦਿਸਿਆ।(2)

ਜਿਥੇ ਵੀ ਮੈਂ ਨਿਸਚੇ ਵਜੋਂ ਨਜ਼ਰ ਕੀਤੀ
ਅਪਣੇ ਦਿਲ ਦੇ ਘਰ ਅੰਦਰ ਰੱਬ ਹੀ ਰੱਬ ਵੇਖਿਆ ਹੈ।(3)

ਤੇਰੀ ਗਲੀ ਵਿਚ ਮੰਗਣ ਦਾ ਕੰਮ ਬਾਦਸ਼ਾਹੀ ਨਾਲੋਂ ਚੰਗੇਰਾ ਹੈ,
ਮੈਂ ਦੋਹਾਂ ਜਹਾਨਾਂ ਦੀ ਨਾਇਬੀ ਨਿਜੀ ਸਵਾਰਥ ਨੂੰ ਛੱਡਣ ਵਿਚ ਵੇਖੀ ਹੈ(4)

ਮੇਰੇ ਕੰਨੀ, ਗੋਯਾ ਪਹਿਲੇ ਦਿਨ ਤੋਂ ਹੀ ਇਹ ਅਵਾਜ਼ ਪਈ,
ਕਿ ਜਹਾਨ ਦੇ ਅੰਤ ਨੂੰ ਮੈਂ ਇਸ ਦੇ ਆਦਿ ਵਿਚੋਂ ਹੀ ਲਿਆ ਹੈ।(5)(55)

# Ghazal Fifty-five

In the pupils of my eyes I have seen the filcher of my heart
And, now, towards any side I look, I come across my benefactor only.(1)

I have circumambulated both, the Kabah and the Temple,
But I have encountered none other than yourself.(2)

In your search, I turned my vision to all the perimeters,
But in the abode of my heart I found nothing but the dwelling of the Almighty.(3)

Begging at your portal is more auspicious than the sovereignty,
Because, the supremacy of both the domains, I have seen in the desertion of personal interest.(4)

Goya, it resounded in my ears since the primal times,
I have envisaged the epilogue of the world right in its prologue.(5)(55)

# ਗ਼ਜ਼ਲ 56

ਮਿੱਤਰ ਪਿਆਰੇ ਤੋਂ ਅਸੀਂ ਸਿਵਾ ਉਸ ਦੇ ਹੋਰ ਕੋਈ ਚਾਹ ਨਹੀਂ ਰਖਦੇ,
ਅਸੀ ਅਪਣੇ ਸਿਰ ਦਰਦ ਦਾ ਕੋਈ ਇਲਾਜ ਨਹੀਂ ਕਰਦੇ।(1)

ਅਸੀਂ ਉਸ ਨਰਗਸੀ ਸੱਜਨ ਦੇ ਹੱਥੋਂ ਬੀਮਾਰ ਹਾ, ਜਿਸ ਦਾ ਨਰਗਸ ਵੀ ਗੁਲਾਮ ਹੈ,
ਅਸੀਂ ਖਿਜ਼ਰ ਅਤੇ ਮਸੀਹਾ ਦੀ ਚਾਹ ਨਹੀਂ ਰਖਦੇ{(2)

ਜਿਥੇ ਵੀ ਅਸਾਂ ਵੇਖਿਆ,ਤੇਰਾ ਜਲਾਲ ਹੀ ਵੇਖਿਆ ਹੈ,
ਅਸੀਂ ਦੋਸਤ ਦੇ ਜਮਾਲ ਤੋਂ ਛੁੱਟ ਹੋਰ ਕੋਈ ਤਮਾਸ਼ਾ ਨਹੀਂ ਵੇਖਦੇ।(3)

ਅਪਣੇ ਸਜਨ ਦੇ ਹੁੰਦਿਆਂ, ਅਸੀਂ ਹੋਰ ਕਿਸੇ ਨੂੰ ਨਹੀਂ ਵੇਖਦੇ ਅਸਾਂ,
ਅਸੀਂ ਕਿਸੇ ਹੋਰ ਦੇ ਸਾਹਮਣੇ ਅੱਖ ਵੀ ਨਹੀਂ ਪੁਟਦੇ।(4)

ਅਸੀਂ ਭੰਬਟ ਵਾਂਗ ਦੀਵੇ ਦੇ ਚਿਹਰੇ ਤੋਂ ਅਪਣੀਂ ਜਾਨ ਵਾਰ ਦਿੰਦੇ ਹਾਂ
ਪਰ ਬੁਲਬੁਲ ਵਾਂਗ ਐਵੇਂ ਫਜ਼ੂਲ ਕੂਕਾਂ ਨਹੀਂ ਮਾਰਦੇ।(5)

ਗੋਯਾ,ਚੁੱਪ ਰਹੁ,ਕਿ ਸਜਨ ਦੇ ਪ੍ਰੇਮ ਦੇ ਸੁਦਾ ਨੂੰ,
ਜਦ ਤਕ ਭੀ ਸਾਡਾ ਸਿਰ ਕਾਇਮ ਹੈ,ਆਪਣੇ ਸਿਰੋਂ ਨਹੀਂ ਕੱਢਾਂਗੇ।(6)(56)

# Ghazal Fifty-six

From our benefactor we desire nothing but himself,
And we ask not for any relief from the ailments of our senses.(1)

We are lovesick of that Nargasi (flowery) companion, whose slave Nargis, the flower herself is,
And we crave not for Masiha (the Christ) and Khizar (the Prophet).(2)

All around, wherever we looked, we got fascinated by your glamour,
And except the elegance of our patron, we need no other spectacle.(3)

When our companion is with us, we behold none else,
And in the presence of others we never even open our eyes.(4)

We sacrifice our life like a moth on the candle;
But do not wail in vain like a nightingale. (5)

Goya! Remain silent, because the passion for the lover,
We keep in our minds as long as the mind remains alive.(6)(56)

# ਗ਼ਜ਼ਲ 57

ਅਸੀਂ ਰੱਬ ਦੀ ਯਾਦ ਵਿਚ ਸਦਾ ਜ਼ਿੰਦਾ ਰਹਿੰਦੇ ਹਾਂ,
ਅਸੀਂ ਸਦਾ ਹੀ ਉਸ ਦੇ ਇਹਿਸਾਨ ਕਾਰਣ ਸ਼ਰਮਸਾਰ ਹਾਂ।(1)

ਆਪਾ ਵਿਖਾਉਂਣ ਵਾਲੇ ਨੂੰ ਭਜਨ ਬੰਦਗੀ ਮਨਜ਼ੂਰ ਨਹੀਂ ਹੁੰਦੀ,
ਉਹ ਰੱਬ ਤਾਂ ਸਦਾ ਮਾਲਕ ਹੈ ਅਤੇ ਅਸੀਂ ਉਸ ਦੇ ਬੰਦੇ ਹਾਂ(2)

ਮਿੱਟੀ ਦੇ ਪੁਤਲਿਆਂ ਵਿਚ ਉਸ ਦੀ ਪਵਿਤਰਤਾ ਹੈ,
ਅਸਾਂ ਤਾਂ ਪਾਕ ਪਰਵਰਦਗਾਰ ਨੂੰ ਵੇਖ ਲਿਆ ਹੈ।(3)

ਅਸਾਂ ਤਾਂ ਉਸ ਬਾਦਸ਼ਾਹ ਦੇ ਚਰਨਾਂ ਤੇ ਆਪਣਾ ਸਿਰ ਰੱਖ ਦਿੱਤਾ ਹੈ,
ਅਤੇ ਦੋਹਾਂ ਜਹਾਨਾਂ ਲੋਕ ਪਰਲੋਕ ਤੋਂ ਆਪਣੇ ਹੱਥ ਧੋ ਲਏ ਹਨ।(4)

ਹਰ ਇਕ ਅੱਖ ਵਿਚ ਉਸ ਦੇ ਨੂਰ ਤੋਂ ਬਿਨਾਂ ਕੁਝ ਵੀ ਨਹੀਂ,
ਇਸੇ ਲਈ ਅਸਾਂ ਰੱਬ ਦੇ ਬੰਦਿਆਂ ਦੀ ਸੰਗਤ ਢੂੰਡੀ ਹੈ।(5)

ਜਦ ਤੋਂ ਅਸਾਂ ਉਸ ਦਾ ਪੱਲਾ ਫੜਿਆ ਹੈ,
ਅਸੀਂ ਉਸ ਦੇ ਚਰਨਾਂ ਦੀ ਧੂੜ ਦਾ ਕਿਣਕਾ ਹੋ ਗਏ ਹਾਂ।(6)

ਗੋਯਾ ਕੌਣ ਹੈ, ਰੱਬ ਦਾ ਨਾਮ-ਲੇਵਾ,
ਅਸੀਂ ਤਾਂ ਜਹਾਨ ਦੇ ਸੂਰਜ ਵਾਂਗ ਚਮਕੇ ਹਾਂ।(7)(57)

# Ghazal Fifty-seven

We remain alive eternally by recollecting the Almighty,
As we are, for ever, indebted to his compassion.(1)

The egoist revels in no meditation,
(Not realising) that the Almighty is the master and we are his slaves.(2)

In this effigy of dust, his own accomplishment lies,
And through this we realise the provider of all.(3)

I have laid my head at the feet of that Great King,
And have sought redemption from both, the temporal and the celestial domains.(4)

In all the visions, there is nothing but his light,
And that is why I have sought the company of the sublime beings.(5)

Since the time I have attached myself to him,
I have earned the graceful touch of his feet.(6)

Who is Goya? Just a worshipper of the Godly name.
And (on his account) we have glittered like the sun.(7)(57)

# ਗ਼ਜ਼ਲ 58

ਅਸੀਂ ਤਾਂ ਪ੍ਰੀਤ ਦੇ ਬੰਦੇ ਹਾਂ, ਰੱਬ ਨੂੰ ਨਹੀਂ ਸਿਆਣਦੇ,
ਗਾਲ੍ਹਾਂ ਨਹੀਂ ਜਾਣਦੇ,ਅਸੀਸਾਂ ਨਹੀਂ ਪਛਾਣਦੇ।(1)

ਅਸੀਂ ਉਸ ਪਿਆਰੇ ਦੇ ਦੀਵਾਨੇ ਹਾਂ, ਜੋ ਸਾਡਾ ਮਤਵਾਲਾ ਹੈ,
ਅਸੀਂ ਬਾਦਸ਼ਾਹ ਨੂੰ ਨਹੀਂ ਜਾਣਦੇ ਫਕੀਰ ਨਹੀਂ ਸਿਆਣਦੇ।(2)

ਸੱਚੀ ਗਲ ਤਾਂ ਇਹ ਹੈ ਕਿ ਤੇਰੇ ਬਿਨਾਂ ਇਥੇ ਹੋਰ ਕੋਈ ਨਹੀਂ,
ਸਾਨੂੰ ਤਾਂ ਮੇਰ ਤੇਰ ਦਾ ਫਰਕ ਸਮਝ ਨਹੀਂ ਆਉਂਦਾ।(3)

ਪ੍ਰੀਤ ਦੇ ਮਾਰਗ ਉਤੇ ਸਿਰ ਪੈਰ ਬਣ ਗਿਆ ਅਤੇ ਪੈਰ ਸਿਰ ਬਣ ਗਏ,
ਇਹ ਕਹਿੰਦਾ ਤਾਂ ਹਾਂ, ਪਰ ਅਸੀਂ ਸਿਰ ਤੇ ਪੈਰ ਨੂੰ ਨਹੀਂ ਪਹਿਚਾਣਦੇ।(4)

ਅਸੀਂ ਵੀ,ਗੋਯਾ ਵਾਂਗ,ਆਦਿ ਦਿਨ ਤੋਂ ਹੀ ਮਸਤ ਹਾਂ,
ਭਜਨ ਬੰਦਗੀ ਅਤੇ ਪਾਖੰਡ ਦੇ ਅਸੂਲਾਂ ਦਾ ਸਾਨੂੰ ਕੁਝ ਪਤਾ ਨਹੀਂ।(5)(58)

# Ghazal Fifty-eight

We are simply the affectionate people, who know not the Celestial being,
We distinguish not between slander and blessings.(1)

We are ecstatic about that lover, who is equally frantic about us,
We recognise neither the sovereigns nor the hermits.(2)

The truth is that, here, none else than you endures,
As we cannot make difference between yours and ours.(3)

On a pilgrimage of love, the feet and the head have interchanged,
Although I expound like this, in fact, the feet and the head are indistinguishable.(4)

Like Goya, we have been inebriated since the primal day,
The criteria for the prayers and the hypocrisy are not known to us.(5)(58)

# ਗ਼ਜ਼ਲ 59

ਜਦ ਵੀ ਅਸੀ ਪਿਆਰੇ ਵਲ ਨਜ਼ਰ ਚੁੱਕ ਕੇ ਵੇਖਦੇ ਹਾਂ,
ਤਾਂ ਮੋਤੀ ਵਰ੍ਹਾਉਣ ਵਾਲੀਆਂ ਦੋਹਾਂ ਅੱਖਾਂ ਦੇ ਦਰਿਆ ਵਗਾ ਦਿੰਦੇ ਹਾਂ।(1)

ਜਿਥੇ ਵੀ ਅਸਾਂ ਵੇਖਿਆ ਹੈ, ਸੱਜਨ ਦਾ ਮੁਖੜਾ ਹੀ ਵੇਖਿਆ ਹੈ,
ਅਸੀਂ ਕਦੋਂ ਪਰਾਇਆਂ ਵਲ ਵੇਖਣ ਵਾਲੇ ਹਾਂ?(2)

ਹੇ ਭਜਨੀਕ ਮਹਾਤਮਾ,ਮੈਨੂੰ ਸੋਹਣਿਆਂ ਨੂੰ ਵੇਖਣ ਤੋਂ ਨਾ ਰੋਕ,
ਅਸੀਂ ਤਾਂ ਆਪਣੀ ਨਜ਼ਰ ਸੋਹਣਿਆਂ ਦੇ ਮੁਖੜੇ ਵਲ ਲਾਈ ਬੈਠੇ ਹਾਂ(3)

ਅਸਾਂ ਤੇਰੇ ਮੁਖੜੇ ਦੀ ਕਥਾ ਤੌਂ ਛੁੱਟ ਹੋਰ ਕੋਈ ਖੁਰਾਕ ਨਹੀਂ ਖਾਧੀ,
ਪ੍ਰੇਮ ਦੇ ਰਾਹ ਉਤੇ ਇਸੇ ਨੂੰ ਬਾਰ ਬਾਰ ਦੁਹਰਾਂਦੇ ਹਾਂ।(4)

ਗੋਯਾ,ਅਸੀਂ ਪਿਆਰੇ ਦੀ ਤਕਣੀ ਨਾਲ ਹੀ ਮਸਤ ਹੋ ਗਏ ਹਾਂ,
ਅਸੀਂ ਭਲਾ ਫਿਰ ਕਿਉਂ ਭੇਤ ਭਰੀ ਸ਼ਰਾਬ ਦੀ ਚਾਹ ਰਖੀਏ।(5)(59)

# Ghazal Fifty-nine

Whenever we lift our eyelids to have the glimpse of our affectionate one,
The pearl-dropping eyes pour like a flowing river.(1)

Wherever we glance, we come across our benefactor’s semblance,
As we never care to look at the strangers.(2)

O you, the recounting devotee, hinder me not from beholding the pretty one,
As I have focused my sight on the visage of my beloved.(3)

Except heeding the narration through your countenance, I have relished nothing as the food for thought,
And on the way to your abode, I have repeated it again and again.(4)

Goya ! we have got enchanted with the vision of the beloved,
Why should we, then, long for mysterious wine.(5)(59)

# Ghazal Sixty

In my vision, there is none but my self-righteous sovereign,
Because his auspicious stature soothes my eyes.(1)

When he showers nectar through his petal like lips,
It seems he is rejuvenating the deceased ones through his smile.(2)

For a glimpse of yours, my eyes have become a heavenly spring,
Please turn around and come, my afflicted life is ready for sacrifice for you.(3)

If you peep into my inner most, self, You will find nothing there but yourself.
As every particle of my body recounts you alone. (4)

Goya, I am just a handful of dust, but my innermost self is brimming with his edification,
And that is why my conscious mind is always meandering around him.(5)(60)

# ਗ਼ਜ਼ਲ 60

ਮੇਰੀਆਂ ਅੱਖਾਂ ਵਿਚ ਮੇਰੇ ਖੁਦ-ਪਸੰਦ ਬਾਦਸ਼ਾਹ ਤੋਂ ਬਿਨਾਂ ਹੋਰ ਕੋਈ ਨਹੀਂ ਸਮਾਉਂਦਾ,
ਮੇਰੀਆਂ ਅੱਖਾਂ ਨੂੰ ਉਸ ਦਾ ਵਡ-ਭਾਗੀ ਕੱਦ ਠੀਕ ਜੱਚ ਗਿਆ ਹੈ।(1)

ਜਦ ਉਹ ਆਪਣੇ ਕਲੀ ਵਰਗੇ ਤੰਗ ਮੂੰਹ ਤੋਂ ਅੰਮ੍ਰਿਤ ਵਰ੍ਹਾਉਂਦਾ ਹੈ,
ਤਾਂ ਮਾਨੋ ਸਾਰੇ ਮੁਰਦਿਆਂ ਨੂੰ ਉਹ ਆਪਣੀ ਮੁਸਕਾਨ ਨਾਲ ਜੀਉਂਦਾ ਕਰ ਦਿੰਦਾ ਹੈ।(2)

ਤੇਰੇ ਦੀਦਾਰ ਲਈ ਮੇਰੀਆਂ ਅੱਖਾਂ ਚਸ਼ਮੇ ਦਾ ਸ੍ਰੋਤ ਬਣ ਗਈਆਂ,
ਆ ਮੇਰੇ ਜਾਨੀ, ਕਿ ਮੇਰੀ ਦਰਦ-ਭਰੀ ਜਾਨ ਤੇਥੋਂ ਕੁਰਬਾਨ।(3)

ਜੇਕਰ ਤੂੰ ਕਿਧਰੇ ਮੇਰੇ ਅੰਦਰਲੇ ਵਿਚ ਝਾਤੀ ਮਾਰੇਂ ਤਾਂ ਤੈਨੂੰ ਆਪਣੇ ਬਿਨਾਂ ਉਸ ਵਿਚ ਹੋਰ ਕੁਝ ਨਹੀਂ ਨਜ਼ਰ ਆਏਗਾ,
ਕਿਉਂ ਜੋ ਮੇਰੇ ਬੰਦ ਬੰਦ ਵਿਚ ਤੇਰੇ ਬਿਨਾਂ ਹੋਰ ਕਿਸੇ ਦਾ ਜ਼ਿਕਰ ਨਹੀਂ।(4)

ਗੋਯਾ! ਮੈਂ ਤਾਂ ਮਿੱਟੀ ਦੀ ਇਕ ਮੁੱਠ ਹਾਂ, ਮੇਰਾ ਅੰਦਰਲਾ ਉਸ ਦੇ ਨੂਰ ਦੀਆਂ ਕਿਰਨਾਂ ਨਾਲ ਭਰਿਆ ਪਿਆ ਹੈ।
ਇਸੇ ਲਈ ਮੇਰਾ ਹੋਸ਼ਮੰਦ ਦਿਲ ਉਸ ਦੇ ਉਦਾਲੇ ਸਦਾ ਘੁੰਮਦਾ ਰਹਿੰਦਾ ਹੈ।(5)

# ਗ਼ਜ਼ਲ 61

ਜੇ ਕਰ ਤੂੰ ਵਫਾਦਾਰ ਹੋ ਜਾਵੇਂ ਤਾਂ ਹੋਰ ਕੋਈ ਵੀ ਬੇਵਫਾ ਨਹੀਂ,
ਸਮਾਂ ਉਹ ਹੈ, ਕਿ ਤੂੰ ਸਮੇਂ ਸਿਰ ਹੁਸ਼ਿਆਰ ਹੋ ਜਾਵੇਂ।(1)

ਜੇ ਕਰ ਤੇਰੇ ਕੋਲ ਜਾਨ ਹੈ, ਤਾਂ ਪਿਆਰੇ ਦੇ ਕਦਮਾ ਤੋਂ ਵਾਰ ਦੇ,
ਆਪਣਾ ਦਿਲ ਦਿਲਦਾਰ ਨੂੰ ਦੇ ਦੇ, ਤਾਂ ਜੋ ਤੂੰ ਆਪ ਦਿਲਦਾਰ ਹੋ ਜਾਵੇਂ।(2)

ਪ੍ਰੀਤ ਦਾ ਪੈਂਡਾ ਬੜਾ ਲੰਮਾ ਹੈ, ਪੈਰਾਂ ਨਾਲ ਨਹੀਂ ਤੁਰਿਆ ਜਾਣਾ।
ਆਪਣੇ ਸਿਰ ਨੂੰ ਪੈਰ ਬਣਾ ਲੈ ਤਾਂ ਜੋ ਉਸ ਪਿਆਰੇ ਦੇ ਰਾਹ ਤੇ ਟੁਰ ਸਕੇਂ।(3)

ਸਾਰੇ ਲੋਕਾਂ ਦੀ ਗੱਲ ਬਾਤ ਅਪਣੀ ਸੂਝ ਬੂਝ ਅਨੁਸਾਰ ਹੈ,
ਤੂੰ ਆਪਣੇ ਹੋਠ ਮੀਟੀ ਰੱਖ ਤਾਂ ਜੋ ਉਸ ਦੇ ਭੇਤਾਂ ਤੋਂ ਜਾਣੂ ਹੋ ਸਕੇ।(4)

ਗੋਯਾ, ਆਪਣਾ ਦੀਵਾਨਾ ਦਿਲ ਉਸ ਮਿਹਰ ਦੀ ਆਸ ਵੇਚਦਾ ਹੈ
ਕਿ ਸ਼ਾਇਦ ਤੂੰ, ਖਰੀਦਾਰ ਬਣ ਜਾਵੇਂ।(5)(61)

# Ghazal Sixty-one

If you become faithful, none can there be disloyal,
And the opportune moment is that you enhance alertness.(1)

If you are endowed with life, then sacrifice it at the portal of the benefactor,
And, by relinquishing your heart, become a benefactor yourself.(2)

The avenues of the love are unending, and beyond the tread,
Turn your head into your feet and take them to the sanctuary of the lover.(3)

The people's utterance is the prerogative of their individual reflections,
You just keep your deliberations secured to know your confidant.(4)

Goya trades his frantic heart in the hope,
That, perhaps you may become a procurer.(5)(61)

(* A stringed musical instrument)

# ਰੁਬਾਈਆਂ

# Quatrains

# ਰੁਬਾਈ 1

ਤੇਰੈ ਸ਼ੌਕ਼ ਕਾਰਣ ਹਰ ਇਕ,ਸਿਰ ਦੇ ਪੈਰੀਂ ਤੁਰਿਆ,
ਅਤੇ ਉਸ ਨੇ ਨੌਂਵਾਂ ਅਸਮਾਨਾਂ ਤੇ ਆਪਣਾ ਝੰਡਾ ਗਡ ਲਿਆ।
ਉਸ ਦਾ ਆਉਣਾ ਵੀ ਮੁਬਾਰਿਕ ਹੋਇਆ ਤੇ ਜਾਣਾ ਵੀ ਸੁਭਾਗਾ,
ਗੋਯਾ, ਜਿਸ ਨੇ ਰੱਬ ਦਾ ਰਾਹ ਪਹਿਚਾਣ ਲਿਆ।(1)

# ਰੁਬਾਈ 2

ਹਰ ਉਹ ਅੱਖ ਜਿਸਨੇ ਰੱਬ ਨੂੰ ਨਾ ਪਛਾਣਿਆ, ਮਾਨੋ ਅੰਨ੍ਹੀ ਹੈ,
ਉਸ ਨੇ ਇਸ ਕੀਮਤੀ ਆਯੂ ਨੂੰ ਅਣਗਹਿਲੀ ਵਿਚ ਹੀ ਗਵਾ ਦਿੱਤਾ।
ਉਹ ਰੋਂਦਾ ਹੋਇਆ ਆਇਆ ਅਤੇ ਸਧਰਾਂ ਨਾਲ ਲਈ ਮਰ ਗਿਆ,
ਅਫ਼ਸੋਸ, ਕਿ ਉਸ ਨੇ ਇਸ ਆਉਣ ਜਾਣ ਵਿਚ ਆਪਣਾ ਕੁਝ ਨਾ
ਸਵਾਰਿਆ।(2)

# One

In the fondness for you, every one came rolling over his head,
And established his sovereignty over all the nine domains.
His arrival was auspicious and the departure was propitious too,
And, thus, Goya, he is the one who found the true way.(1)

# Two

The eye, which recognises not the Almighty, is unenlightened,
And expends this precious life just in oblivion.
Weeping, he emanates, and departs with obscured aspirations.
Alas, he, in his coming and going, accomplishes naught.(2)

# ਰੁਬਾਈ 3

ਇਹ ਤੇਰੀ ਅੱਖ ਪਿਆਰੇ ਸੱਜਨ ਦਾ ਘਰ ਹੈ;
ਇਹ ਹਸਤੀ ਦਾ ਤਖ਼ਤ ਸੱਚੇ ਪਾਤਸ਼ਾਹ ਦਾ ਸੰਘਾਸਨ ਹੈ।
ਹਿਰਸਾਂ ਹਵਸਾਂ ਦਾ ਹਰ ਬੰਦਾ ਉਸ ਰੱਬ ਤਕ ਨਹੀਂ ਪੁੱਜ ਸਕਦਾ,
ਕਿਉਂ ਜੋ ਇਹ ਰਸਤਾ ਤਾਂ ਰੱਬ ਦੇ ਸੂਰਮੇ ਭਗਤਾਂ ਦਾ ਹੈ।(3)

# ਰੁਬਾਈ 4

ਹਰ ਉਹ ਦਿਲ ਜਿਹੜਾ ਸਿੱਧਾ ਹੀ ਪ੍ਰੀਤਮ ਬਣ ਗਿਆ,
ਯਕੀਨ ਜਾਣੋ,ਕਿ ਉਹ ਬਿਲਕੁਲ ਪ੍ਰੀਤਮ ਦਾ ਹੀ ਰੂਪ ਬਣ ਗਿਆ।
ਇਕ ਜ਼ੱਰਾ ਵੀ ਉਸ ਦੀ ਰਹਿਮਤ ਅਤੇ ਬਖ਼ਸ਼ਿਸ਼ ਤੋਂ ਖਾਲੀ ਨਹੀਂ,
ਚਿਤ੍ਰਕਾਰ ਆਪਣੇ ਚਿਤਰਾਂ ਦੇ ਰੰਗਾਂ ਵਿਚ ਹੀ ਲੁਕਿਆ ਹੋਇਆ ਹੈ।(4)

# Three

This eye of yours is the domicile of my patron,
And the throne of this entity is the abode of true sovereign.
Through passions and sensuality, this goal can’t be reached,
As these paths are sanctified for the dauntless devotees of Divinity.(3)

# Four

Every heart, which is one with the beloved,
Believe me, has become the embodiment of his sweetheart.
Not, even, an iota remains out of his benevolence and the compassion,
Because the painter is always submerged in his painting.(4)

# ਰੁਬਾਈ 5

ਇਹ ਆਉਣਾ ਜਾਣਾ ਇਕ ਦਮ ਭਰ ਤੋਂ ਵਧ ਨਹੀਂ ਹੁੰਦਾ,
ਜਿਥੇ ਵੀ ਅਸੀਂ ਨਿਗਾਹ ਦੁੜਾਂਦੇ ਹਾਂ,ਸਿਵਾਏ ਆਪਣੇ ਦੇ ਹੋਰ ਕੋਈ ਨਹੀਂ ਹੁੰਦਾ।
ਅਸੀਂ ਕਿਸੇ ਦੂਜੇ ਵਲ ਕਿਵੇਂ ਨਜ਼ਰ ਪੁੱਟ ਕੇ ਵੇਖ ਸਕਦੇ ਹਾਂ,
ਕਿਉਂ ਜੋ ਤੇਰੇ ਬਿਨਾ ਸਾਡੇ ਅੱਗੇ ਪਿੱਛੇ ਕੋਈ ਵੀ ਨਹੀਂ ਹੁੰਦਾ।(5)

# ਰੁਬਾਈ 6

ਹਰ ਉਸ ਬੰਦੇ ਦਾ, ਜਿਹੜਾ ਰੱਬ ਦਾ ਤਾਲਬ ਹੁੰਦਾ ਹੈ,
ਦੋਹਾਂ ਜਹਾਨਾਂ ਵਿਚ ਉਸ ਦਾ ਮਰਤਬਾ ਸੱਭ ਤੋਂ ਉਚੇਰਾ ਹੁੰਦਾ ਹੈ।
ਗੋਯਾ ਦੋਹਾਂ ਜਹਾਨਾਂ ਨੂੰ ਉਹ ਇਕ ਜੌਂ ਦੇ ਬਦਲੇ ਲੈ ਲੈਂਦੇ ਹਨ,
ਤੇਰਾ ਮਜਨੂੰ ਕਦੋਂ ਲੈਲਾ ਦਾ ਪ੍ਰੇਮੀ ਬਣਦਾ ਹੈ।(6)

# Five

To emanate and to forsake, is a matter of a few moments,
And we just look around and espy nothing but self.
But why should we observe others?
As neither there has been, nor will there ever be anybody without you.(5)

# Six

Every person who is the seeker of the Almighty,
Has a status and is endowed with eminence in both the domains,
But Goya does not barter even a grain for them,
As your Majnu, does not care about Laila?(6)

# ਰੁਬਾਈ 7

ਸੰਸਾਰ ਵਿਚ ਜਦ ਖੁਦਾ ਦੇ ਭਗਤ ਆਉਂਦੇ ਹਨ,
ਉਹ ਭੁੱਲੜਾਂ ਨੂੰ ਰਾਹ ਦੱਸਣ ਆਉਂਦੇ ਹਨ।
ਗੋਯਾ ਜੇ ਕਰ ਤੇਰੀ ਅੱਖ ਰੱਬ ਦੀ ਤਾਂਘ ਵਾਲੀ ਹੋਵੇ,
(ਤਾਂ ਸਮਝ)ਕਿ ਰੱਬ ਦੇ ਭਗਤ ਰੱਬ ਨੂੰ ਵਖਾਉਣ ਲਈ ਆਉਂਦੇ ਹਨ।(7)

# ਰੁਬਾਈ 8

ਸਾਡੇ ਧਰਮ ਵਿਚ ਗ਼ੈਰਾਂ ਦੀ ਪੂਜਾ ਨਹੀਂ ਕਰਦੇ,
ਉਹ ਇਕ ਹੋਸ਼ ਵਿਚ ਰਹਿੰਦੇ ਹਨ,ਅਤੇ ਮਸਤੀ ਨਹੀਂ ਕਰਦੇ।
ਉਹ ਇਕ ਦਮ ਲਈ ਵੀ ਰੱਬ ਦੀ ਯਾਦ ਤੋਂ ਗਾਫਲ ਨਹੀਂ ਰਹਿੰਦੇ,
ਨਾਲੇ ਉਹ ਉਚਾਈ ਨੀਚਾਈ ਦੀਆਂ ਗਲਾਂ ਨਹੀਂ ਕਰਦੇ।(8)

# Seven

When the Divine adherents come into this world,
They come to enlighten the stray ones.
Goya! If you are longing for the vision of the Almighty,
(Deem that), the devotees of the Almighty are coming to show the kindly light.(7)

# Eight

In our faith, the people revere not the outsiders,
They remain conscious and lose not their senses.
Not for a moment, they become oblivious of God,
And discriminate not between high and low.(8)

# ਰੁਬਾਈ 9

ਜੇਕਰ ਰੱਤਾ ਭਰ ਵੀ ਰੱਬ ਦਾ ਸ਼ੌਕ ਹੋਵੇ ਤਾਂ,
ਉਹ ਹਜ਼ਾਰਾਂ ਪਾਤਸ਼ਾਹੀਆਂ ਨਾਲੋਂ ਚੰਗੇਰਾ ਹੈ।
ਗੋਯਾ! ਆਪਣੇ ਸਤਿ ਗੁਰੂ ਦਾ ਬੰਦਾ ਹੈ,
ਇਸ ਲਿਖਤ ਲਈ ਕਿਸੇ ਗਵਾਹੀ ਦੀ ਲੋੜ ਨਹੀਂ।(9)

# ਰੁਬਾਈ 10

ਹਰ ਮਨੁੱਖ ਇਸ ਜਹਾਨ ਵਿਚ ਵਧਣਾ ਫੁਲਣਾ ਚਾਹੁੰਦਾ ਹੈ,
ਉਹ ਘੋੜੇ, ਊਠ,ਹਾਥੀ ਅਤੇ ਸੋਨਾ ਲੋਚਦਾ ਹੈ।
ਹਰ ਆਦਮੀ ਆਪਣੇ ਲਈ ਕੁਝ ਨਾ ਕੁਝ ਲੋਚਦਾ ਹੈ,
ਪਰੰਤੂ ਗੋਯਾ ਤਾ ਰੱਬ ਪਾਸੋਂ ਕੇਵਲ ਰੱਬ ਦੀ ਯਾਦ ਹੀ ਲੋਚਦਾ ਹੈ।(10)

# Nine

If you have an iota of love for the Almighty,
It is better than a thousand sovereignties.
Goya, in reality, is the slave of his true preceptor,
And this annotation needs no testimony.(9)

# Ten

Every being in the world yearns for enrichment,
And covets horses, camels, elephants and gold.
Whereas all others crave for one thing or the other,
Goya begs of Almighty just his own divine remembrance.(10)

# ਰੁਬਾਈ 11

ਸਿਰ ਤੋਂ ਪੈਰਾਂ ਤਕ ਉਹ ਨੂਰ ਨਾਲ ਭਰ ਗਿਆ,
ਉਹ ਸ਼ੀਸ਼ਾ ਜਿਸ ਵਿਚ ਕੋਈ ਤ੍ਰੇੜ ਨਹੀਂ ।
ਯਕੀਨ ਜਾਣ, ਕਿ ਉਹ ਅਣਗਹਿਲਾਂ ਤੋਂ ਦੂਰ ਰਹਿੰਦਾ ਹੈ,
ਉਹ ਤਾਂ ਆਰਫ ਦੇ ਦਿਲ ਵਿਚ ਪ੍ਰਗਟ ਹੁੰਦਾ ਹੈ।(11)

# ਰੁਬਾਈ 12

ਇਹ ਬਹੁ-ਮੁੱਲੀ ਉਮਰ ਜਿਹੜੀ ਜਾਇਆ ਹੋ ਜਾਂਦੀ ਹੈ,
ਇਹ ਉਜਾੜ ਘਰ ਕਿਵੇਂ ਆਬਾਦ ਹੋ ਸਕਦਾ ਹੈ?
ਜਦ ਤਕ ਪੂਰਾ ਸਤਿਗੁਰੂ ਸਹਾਇਤਾ ਨਹੀਂ ਕਰਦਾ,
ਗੋਯਾ!ਤੇਰਾ ਗ਼ਮਾਂ-ਭਰਿਆ ਦਿਲ ਕਿਵੇਂ ਪ੍ਰਸੰਨ ਹੋ ਸਕਦਾ ਹੈ।(12)

# Eleven

He is thoroughly imbued with resplendence,
And shines like the mirror with no crevice.
He remains aloof from the ignorant, be sure,
And takes advent in the heart of the knower of Ultimate Reality.(11)

# Twelve

This life is invaluable, which is dissipated,
And how can this dilapidated house, be restored?
Not unless the perfect preceptor endows succour.
Goya, how can your agonised heart, be ameliorated?(12)

# ਰੁਬਾਈ 13

ਜ਼ਾਲਮ ਦਾ ਦਿਲ ਸਾਨੂੰ ਮਾਰਨ ਦਾ ਇਰਾਦਾ ਰਖਦਾ ਹੈ,
ਮੇਰਾ ਮਜ਼ਲੂਮ ਦਿਲ ਰੱਬ ਵਲ ਆਸ ਲਾਈ ਬੈਠਾ ਹੈ।
ਉਹ ਇਸ ਫ਼ਿਕਰ ਵਿਚ ਹੈ,ਕਿ ਸਾਡੇ ਨਾਲ ਕੀ ਕਰੇ?
ਅਸੀਂ ਇਸ ਚਿੰਤਾ ਵਿਚ ਹਾਂ ਕਿ ਰੱਬ ਕੀ ਕਰਦਾ ਹੈ?(13)

# Thirteen

The cruel one is determined to annihilate me,
But my tormented being is relying on the Almighty,
He is in grief, how to proceed
We are in despondency, what the Almighty will do?(13)

# ਰੁਬਾਈ 14

ਜੋ ਕੁਝ ਅਸਾਂ ਉਮਰ ਦਾ ਫਲ ਪਰਾਪਤ ਕੀਤਾ ਹੈ,
ਦੋਹਾਂ ਜਹਾਨਾਂ ਵਿਚ ਅਸਾਂ ਖੁਦਾ ਦੀ ਯਾਦ ਹਾਸਲ ਕੀਤੀ ਹੈ।
ਇਹ ਸਾਡੀ ਹਸਤੀ ਤਾਂ ਇਕ ਵਡੀ ਬਲਾ ਸੀ,
ਜਦ ਅਸੀਂ ਆਪਣੇ ਆਪੇ ਤੋਂ ਗੁਜ਼ਰ ਗਏ, ਅਸਾਂ ਰੱਬ ਨੂੰ ਪਾ ਲਿਆ।(14)

# Fourteen

The fruit of life, which we have secured is?
The recollection of the Almighty in both the domains.
The endowment of life is a great evil,
When we get deliverance from it, we achieve the Almighty.(14)

# ਰੁਬਾਈ 15

ਤੇਰੇ ਦਰਵਾਜ਼ੇ ਦੀ ਧੂੜ ਤੋਂ ਸਾਨੂੰ ਸੁਰਮਾ ਪਰਾਪਤ ਹੋਇਆ ਹੈ,
ਜਿਸ ਦੀ ਬਦੌਲਤ ਅਸੀਂ ਵਧੇ ਫੁਲੇ ਹਾਂ।
ਅਸੀਂ ਕਦੀ ਗ਼ੈਰ ਅਗੇ ਮੱਥਾ ਨਹੀਂ ਟੇਕਦੇ,
ਸਾਨੂੰ ਤਾਂ ਆਪਣੇ ਦਿਲ ਦੇ ਘਰ ਵਿਚ ਹੀ ਰੱਬ ਦੇ ਨਿਸ਼ਾਨ ਮਿਲ ਗਏ ਹਨ।(15)

# ਰੁਬਾਈ 16

ਗੋਯਾ! ਸਾਨੂੰ ਰੱਬ ਦੀ ਯਾਦ ਤੋਂ ਉਸ ਦੀ ਸੋ ਮਿਲੀ ਹੈ,
ਇਹ ਨੱਕੋ ਨੱਕ ਭਰਿਆ ਪਿਆਲਾ ਭਲਾ ਸਾਨੂੰ ਕਿਥੋਂ ਪਰਾਪਤ ਹੋਇਆ ਹੈ?
ਸਿਵਾਇ ਰੱਬ ਦੇ ਤਾਲਬ ਦੇ ਹਰ ਕਿਸੇ ਦੀ ਕਿਸਮਤ ਵਿਚ
ਇਹ ਦੁਰਲਭ ਦੌਲਤ ਨਹੀਂ ਹੁੰਦੀ,ਜਿਹੜੀ ਕਿ ਸਾਨੂੰ ਪਰਾਪਤ ਹੋਈ ਹੈ।(16)

# Fifteen

We secure an antimony through the dust of your portal,
By dint of which we have prospered.
We never bow to the deviators,
As in the abode of our heart, Almighty's emblem is lying.(15)

# Sixteen

Goya! It is the Celestial remembrance, which has brought the cue of his existence,
Otherwise, Where from could we get this cup filled to the brim.
Except seekers of the Almighty, none is destined,
To obtain this fortune, which we have succeeded in gaining.(16)

# ਰੁਬਾਈ 17

ਗੋਯਾ ਤੂੰ ਕਦ ਤਕ ਇਸ ਨਾਸ਼ਮਾਨ ਸੰਸਾਰ ਵਿਚ ਰਹੇਂਗਾ?
ਜਿਹੜਾ ਕਦੀ ਜ਼ਰੂਰੀ ਹੋ ਜਾਂਦਾ ਹੈ ਅਤੇ ਕਦੀ ਨਿਰਧਾਰਤ।
ਕਦ ਤਕ ਅਸੀਂ ਕੁੱਤਿਆਂ ਵਾਂਗ ਹੱਡੀਆਂ ਉਪਰ ਲੜਦੇ ਰਹਾਂਗੇ?
. ਸਾਨੂੰ ਦੁਨੀਆਂ ਦਾ ਵੀ ਪਤਾ ਹੈ ਅਤੇ ਦੁਨੀਆਦਾਰਾਂ ਦਾ ਵੀ। (17)

# ਰੁਬਾਈ 18

ਗੋਯਾ! ਜੇ ਕਰ ਤੂੰ ਉਸ ਦੇ ਜਲਵੇ ਨੂੰ ਵੇਖਣਾ ਚਾਹੁੰਦਾ ਹੈਂ?
ਜੇ ਕਰ ਤੂੰ ਆਪਣੀ ਹਿਰਸ ਹਵਸ ਤੋਂ ਭੱਜਣ ਦੀ ਇੱਛਾ ਰੱਖਦਾ ਹੈਂ?
ਇੰਨ੍ਹਾਂ ਜ਼ਾਹਰਾਂ ਅੱਖਾਂ ਨਾਲ ਨਾ ਵੇਖ,ਕਿਉਂਕਿ ਇਹ ਤਾਂ ਤੇਰੇ ਲਈ ਰੁਕਾਵਟ ਹਨ।
ਤੂੰ ਬਿਨਾਂ ਅੱਖਾਂ ਦੇ ਵੇਖ, ਜੋ ਕੁਝ ਵੀ ਤੂੰ ਵੇਖਣਾ ਚਾਹੁੰਦਾ ਹੈਂ।(18)

# Seventeen

Goya! How long is your stay going to persist in this mortal inn,
Which seems sometimes at its tethers, and sometimes asserting forever.
How long are we going to fight like dogs over the bones,
As we know well the world and the dwellers therein too.(17)

# Eighteen

Goya! if you want to see his resplendence,
If you want to escape your trait of egoism,
Be careful, these corporeal eyes are a hindrance in your way.
Behold without such vision, if you want to perceive.(18)

# ਰੁਬਾਈ 19

ਰੱਬ ਤਾਂ ਹਰ ਥਾਂ ਮੌਜੂਦ ਹੈ, ਤੂੰ ਕਿਸ ਨੂੰ ਢੂੰਢਦਾ ਹੈਂ?
ਰੱਬ ਦਾ ਮੇਲ ਤਾਂ ਤੇਰਾ ਮਨੋਰਥ ਹੈ, ਤੂੰ ਕਿਧਰ ਭਟਕਦਾ ਪਿਆ ਹੈਂ?
ਇਹ ਦੋਵੇਂ ਜਹਾਨ ਤੇਰੀ ਮਾਲਕੀ ਦੇ ਚਿੰਨ੍ਹ ਹਨ,
ਅਰਥਾਤ ਤੂੰ ਆਪਣੇ ਬੋਲ ਰੱਬ ਦੀ ਜ਼ਬਾਨ ਰਾਹੀਂ ਹੀ ਬੋਲਦਾ ਹੈਂ।(19)

# Nineteen

What are you searching for ? The Almighty is omnipresent.
Why are you roaming around if your aim is to seek the Almighty.
Both the domains are the emblem of your rich dominance,
And whatever you articulates, is the true explication of the Divinity.(19)

ਐ ਹਵਾ! ਮੈਰੀ ਮਿੱਟੀ ਸਜਨ ਦੇ ਦਰਵਾਜੇ ਤੋਂ ਨਾ ਉੜਾਈਂ,
ਨਹੀਂ ਤਾਂ ਵੈਰੀ ਭੰਡੀ ਕਰੇਗਾ,ਕਿ ਇਹ ਹਰ ਥਾਈਂ ਹੈ।(1)

ਉਸ ਪਿਆਰੇ ਤੋਂ ਬਿਨਾਂ ਕਾਅਬੇ ਅਤੇ ਬੁਤਖਾਨੇ ਵਿਚ ਹੋਰ ਕੋਈ ਨਹੀਂ ਹੈ,
ਪੱਥਰਾਂ ਦੇ ਭੇਤ ਕਾਰਣ ਅੱਗ ਦੋ ਰੰਗੀ ਕਿਵੇਂ ਹੋ ਸਕਦੀ ਹੈ?(2)

ਆਸਮਾਨ ਧਰਤ ਦੇ ਸਾਹਮਣੇ ਇਸ ਲਈ ਮੱਥਾ ਟੇਕਦਾ ਹੈ,
ਕਿ ਰੱਬ ਦੇ ਭਗਤ ਇਸ ਉਪਰ ਇਕ ਦੋ ਪਲ ਲਈ ਰੱਬ ਦਾ ਸਿਮਰਨ ਕਰਨ ਲਈ ਬੈਠਦੇ ਹਨ।(3)

ਕਲਪ ਬ੍ਰਿਛ ਦੀ ਛਾਵੇਂ ਤਾਂ ਤੈਨੂੰ ਦਿਲ ਦੀਆਂ ਮੁਰਾਦਾਂ ਮਿਲਦੀਆਂ ਹਨ,
ਪਰ ਰੱਬ ਦੇ ਬੰਦਿਆਂ ਦੀ ਛਾਂ ਹੇਠ ਤੂੰ ਰੱਬ ਨੂੰ ਪਰਾਪਤ ਕਰ ਲਵੇਂਗਾ।(4)

O, you, the breeze, don’t blow away my dust from the portal of my benefactor,
The adversary may, otherwise, allege that I am everywhere.(1)

Except that beloved, there is nobody else at the Kabah and the Temple of Idols,
How can the sparks produced through (the striking of) the stones be dissimilar?(2)

The sky bends to pay obeisance to the earth,
Because the devotees of the Almighty spend a few moments there in meditation.(3)

Under the shade of the tree of Tooba*, the desires are fulfilled,
But under the shelter of the godly men, the Almighty is obtainable.(4)

* A tree in paradise

# ਜ਼ਿੰਦਗੀ ਨਾਮਾਂ

# Zindgi Nama

ਉਹ ਧਰਤ ਅਤੇ ਆਕਾਸ਼ ਦਾ ਮਾਲਿਕ ਹੈ,ਅਤੇ
ਮਨੁੱਖ ਅਤੇ ਜਾਨਦਾਰਾਂ ਨੂੰ ਜ਼ਿੰਦਗੀ ਬਖਸ਼ਣ ਵਾਲਾ ਹੈ।(1)

ਉਸ ਦੇ ਰਾਹ ਦੀ ਧੂੜ ਸਾਡੀਆਂ ਅੱਖਾਂ ਲਈ ਸੁਰਮਾ ਹੈ।
ਉਹ ਹਰ ਬਾਦਸ਼ਾਹ ਅਤੇ ਫ਼ਕੀਰ ਦਾ ਮਾਨ ਵਧਾਉਣ ਵਾਲਾ ਹੈ।(2)

ਜੋ ਕੋਈ ਭੀ ਸਦਾ ਉਸ ਦੀ ਯਾਦ ਵਿਚ ਰਹਿੰਦਾ ਹੈ,
ਉਹ ਰੱਬ ਦੀ ਯਾਦ ਦੀ ਹੀ ਪਰੇਰਨਾ ਕਰਦਾ ਹੈ।(3)

ਜੇ ਕਰ ਤੂੰ ਰੱਬ ਦੀ ਯਾਦ ਵਿਚ ਸਦਾ ਮਸਤ ਰਹੇਂ,
ਤਾਂ ਤੂੰ, ਹੇ ਮੇਰੀ ਜਾਨ! ਪੂਰਨ ਮਨੁੱਖ ਬਣ ਜਾਵੇਂ।(4)

ਬਦਲਾਂ ਹੇਠ ਸੂਰਜ{ਦੀ ਤਰ੍ਹਾਂ} ਲੁਕਿਆ ਹੋਇਆ ਹੈ।
ਬਦੱਲਾਂ ਪਿਛੋਂ ਆਪਣਾ ਪੂਰਨ ਚੰਦਰਮਾ ਵਰਗਾ ਮੁਖੜਾ ਵਿਖਾ।(5)

ਇਹ ਤੇਰਾ ਚੰਨ ਇਕ ਬੱਦਲ ਹੈ, ਉਸ ਵਿਚ ਸੂਰਜ ਲੁਕਿਆ ਹੋਇਆ ਹੈ,
ਰੱਬ ਦੀ ਭਗਤੀ ਯਾਦ ਰੱਖ, ਇਹ ਹੀ ਜੀਵਨ ਦਾ ਫਲ ਹੈ।(6)

He is the sustainer of the heaven and the earth,
And endows existence to both the humans and the animals.(1)

The dust of his avenues is the collyrium for our eyes,
He is the enhancer of the dignity of all; the rulers and the mendicants.(2)

The one who remains imbuedwith his remembrance,
stimulates the recollection of the Almighty.(3)

If you ever remain infused with his recollection,
Then, Oh My Life, you will become a perfect man.(4)

Hiding you are (like) the sun, behind the clouds,
Come, from behind the clouds, and reveal your moon-like semblance.(5)

This, body of yours, epitomises clouds, behind which the sun is hiding.
Retain the remembrance of the Almighty, this only is the purport of the life.(6)

ਜਿਹੜਾ ਵੀ ਰੱਬ ਦੇ ਭੇਤਾਂ ਤੋਂ ਵਾਕਿਫ ਹੋ ਗਿਆ,
ਛਿਨ ਛਿਨ ਸਿਵਾਇ ਰੱਬ ਤੋਂ ਹੋਰ ਕੋਈ ਉਸ ਦਾ ਮੰਤਵ ਨਹੀਂ ਰਹਿੰਦਾ।(7)

ਸੱਚ ਕੀ ਹੈ? ਓਸੁ ਪਾਕ ਪਰਵਰਦਗਾਰ ਦੀ ਯਾਦ ਹੈ।
ਮਿੱਟੀ ਦੀ ਹਰ ਮੁਠ ਭਲਾ ਉਸ ਦੀ ਕਦਰ ਕੀ ਜਾਣ ਸਕਦੀ ਹੈ।(8)

ਜੇਕਰ ਤੇਨੂੰ ਭਲੇ ਪੁਰਖਾਂ ਦੀ ਸੰਗਤ ਨਸੀਬ ਹੋ ਜਾਵੇ,
ਤਾਂ ਹੇ ਮਿਤਰ! ਤੇਨੂੰ ਅਮਰ ਦੌਲਤ ਪਰਾਪਤ ਹੋ ਜਾਵੇਗੀ।।(9)

ਇਹ ਦੌਲਤ ਉਸ ਰੱਬ ਦੇ ਬੰਦਿਆਂ ਦੀ ਸੇਵਾ ਵਿਚ ਹੈ,
ਹਰ ਮੰਗਤਾ ਅਤੇ ਬਾਦਸ਼ਾਹ ਉਸ ਤੋਂ ਕੁਰਬਾਨ ਜਾਂਦਾ ਹੈ।(10)

ਭਾਈ! ਤੂੰ ਉਨ੍ਹਾਂ ਦਾ ਸੁਭਾਵ ਗ੍ਰਿਹਣ ਕਰ,
ਅਤੇ ਸਦਾ ਉਨ੍ਹਾ ਦੀ ਗਲੀ ਦੀ ਹੀ ਪਰਕਰਮਾ ਕਰਦਾ ਰਹੁ।(11)

ਜੋ ਕੋਈ ਉਨ੍ਹਾਂ ਦੇ ਕੂਚੇ ਉਦਾਲੇ ਫਿਰਦਾ ਰਿਹਾ,
ਦੋਹਾਂ ਜਹਾਨਾਂ ਵਿਚ ਉਸ ਨੇ ਸੂਰਜ ਅਤੇ ਚੰਦ ਵਰਗੀ ਰੋਸ਼ਨੀ ਪ੍ਰਾਪਤ ਕਰ ਲਈ।(12)

The one who attains the truth behind the divine secrets,
Not even an iota, except the Almighty, remains his motive.(7)

The ultimate truth? It is the recollection of the Almighty.
What virtues of his can this handful of dust realize?(8)

If you achieve the company of the pious ones,
Then, Oh My Friend, you procure the blissful eternity.(9)

This fortune consists in the service of the Almighty’s humanity,
As all the beggars, as well as the rulers, dedicate themselves to his path.(10)

O, My Brother, you embrace their (the pious ones’) temperament,
And remain in obeisance to their boulevard.(11)

The one who has been circumambulating their portals,
Attains the enlightenment of the sun and the moon.(12)

ਭਜਨ ਬੰਦਗੀ ਹੀ ਅਮਰ ਖ਼ਜ਼ਾਨਾ ਹੈ,
ਤਾਂ ਤੇ ਤੂੰ ਬੰਦਗੀ ਕਰ,ਭਜਨ ਕਰ, ਸਿਮਰਨ ਕਰ।(13)

ਬੰਦਗੀ ਦੇ ਜੀਵਨ ਵਿਚ ਸਾਰੀ ਬਾਦਸ਼ਾਹੀ ਤੇਰੀ ਹੈ,
ਚੰਨ ਤੋਂ ਲੈ ਕੇ ਪਾਤਾਲ ਤਕ ਤੇਰਾ ਹੀ ਰਾਜ ਹੈ।(14)

ਜਿਹੜਾ ਵੀ ਉਸ ਰੱਬ ਤੋਂ ਗ਼ਾਫਲ ਰਹਿਆ, ਸਮਝੋ, ਉਹ ਮੂਰਖ ਹੈ,
ਭਾਵੇਂ ਉਹ ਮੰਗਤਾ ਹੋਵੇ, ਅਤੇ ਭਾਂਵੇਂ ਬਾਦਸ਼ਾਹ ਸੁਲਤਾਨ।(15)

ਰੱਬ ਦਾ ਪਿਆਰ ਸਭ ਨਾਲੋਂ ਉਚੇਰੀ ਵਸਤੂ ਹੈ,
ਉਸ ਦਾ ਸਾਯਾ ਸਾਡੇ ਸਿਰਾਂ ਤੇ ਮਾਨੋ ਤਾਜ ਹੈ।(16)

ਰੱਬ ਦੇ ਪਿਆਰ ਤੋਂ ਰੱਬ ਦੀ ਯਾਦ ਦਾ ਭਾਵ ਹੈ,
ਕਿਉਂਕਿ ਉਸ ਦੀ ਜਾਦੂ ਵਰਗੀ ਨਜ਼ਰ ਸਾਡੇ ਲਈ ਰਸਾਇਣ ਵਾਂਗ ਹੈ।(17)

ਰੱਬ ਦਾ ਪਰੇਮ ਸਾਡੀ ਆਤਮਾ ਦਾ ਜੀਵਨ ਹੈ।
ਉਸ ਦਾ ਸਿਮਰਨ ਸਾਡੇ ਪਰਮ ਈਮਾਨ ਦੀ ਪੂੰਜੀ ਹੈ।(18)

As the remembrance and supplication are the eternal treasurer,
You, must participate in prayers, recitations and meditations.(13)

Through the enchantment of worship, all the sovereignty is yours,
And from the moon to the inferno, all over spreads your supremacy.(14)

The one who is ignorant of the Almighty, he remains imbecile,
May he be a beggar or a king.(15)

The godly love is the supreme entity,
And the shelter under him is like the crown for us.(16)

The godly remembrance, epitomises the godly love,
Because his charming vision is the divine medication for us.(17)

The godly love is the life of our souls,
And his worship is the wealth of our ultimate belief.(18)

ਸ਼ੁਕਰਵਾਰ ਵਾਲੇ ਦਿਨ ਪਾਕ ਪਰਹੇਜ਼ਗਾਰ ਮੁਸਲਮਾਨ,
ਰੱਬ ਦੀ ਨਮਾਜ਼ ਲਈ ਇਕੱਠੇ ਹੁੰਦੇ ਹਨ । (19)

ਇਸੇ ਤਰ੍ਹਾਂ ਸਾਡੇ ਧਰਮ ਵਿਚ ਸਾਧ ਸੰਗਤਿ ਵਿਚ (ਰੱਬ ਦੇ ਪਿਆਰੇ ਜੁੜਦੇ ਹਨ)
ਅਤੇ ਵਾਹਿਗੁਰੂ ਦੇ ਪ੍ਰੇਮ ਵਿਚ ਰੰਗ ਮਾਣਦੇ ਹਨ ।(20)

ਮਹੀਨੇ ਵਿਚ ਦੋ ਵਾਰ ਉਸ,
ਪਰਵਰਦਗਾਰ ਦੀ ਉਚੇਚੀ ਯਾਦ ਇਕੱਠੇ ਹੁੰਸੇ ਹਨ ।(21)

ਉਹ ਸੰਤਸੰਗਿ ਸੁਭਾਗਾ ਹੈ, ਜੋ ਰੱਬ ਲਈ ਹੋਵੇ,
ਉਹ ਸਤਸੰਗਿ ਸੁਭਾਗਾ ਹੈ ਕਿ ਮਨ ਵਿਚ ਬਲਾਵਾਂ ਦੂਰ ਕਰਨ ਲਈ ਹੈ ।(21)

ਉਹ ਸੰਤਸੰਗਿ ਸੁਭਾਗਾ ਹੈ, ਜੋ ਰੱਬ ਦੀ ਯਾਦ ਲਈ ਹੋਵੈ,
ਉਹ ਸੰਤਸੰਗਿ ਸੁਭਾਗਾ ਹੈ, ਜਿਸ ਸੀ ਨੀਂਵਸਤ ਉਤੇ ਹੋਵੇ । (23)

ਉਹ ਇਕੱਠ ਭੈੜਾ ਹੈ, ਜਿਥੇ ਸ਼ੈਤਾਨੀ ਦੇ ਕੰਮ ਹੋਣ,
ਜਿਸ ਤੋਂ ਅੱਗੇ ਪਛਤਾਵਾ ਲਗਦਾ ਹੋਵੇ ।(24)

On Fridays, the chaste and sober Muslims,
Get together to pay their obeisance.(19)

Analogically, in our religion, all congregate in the company of the holy.
And they get imbued with the godly hue.(20)

Twice a month we come around,
To gather for specific recollection of the Provider.(21)

That congregation is auspicious which is devoted to the Almighty,
And that gathering is laudable which eliminates heart-aches.(22)

That congregation is meritorious which remains in the recollection of the Almighty.
That congregation is commendable whose foundations are unpretentious.(23)

That congregation is inauspicious, in which deceptiveness commands,
And which leads to the repentance in the days to come.(24)

ਇਹ ਲੋਕ ਅਤੇ ਪਰਲੋਕ ਇਕ ਝੂਠੀ ਕਹਾਣੀ ਹਨ,
ਇਹ ਦੋਵੇਂ ਲੋਕ ਉਸ ਰੱਬ ਦੇ ਬੋਹਲ ਵਿਚੋਂ ਇਕ ਦਾਣਾ ਹਨ।(25)

ਇਹ ਦੋਵੇਂ ਜਹਾਨ ਸੱਚੇ ਰੱਬ ਦੇ ਹੁਕਮ ਵਿਚ ਹਨ,
ਵਲੀ ਅਤੇ ਨਥੀ ਉਸ ਸਚੇ ਰੱਬ ਤੋਂ ਸਦਕੇ ਜਾਂਦੇ ਹਨ।(26)

ਜਿਹੜਾ ਵੀ ਰੱਬ ਦੀ ਯਾਦ ਵਿਚ ਪੱਕਾ ਸਥਿਤ ਹੋ ਜਾਂਦਾ ਹੈ,
ਜਦ ਤਕ ਰੱਬ ਕਾਇਮ ਹੈ, ਉਹ ਵੀ ਅਮਰ ਹੋ ਜਾਂਦਾ ਹੈ।27)

ਇਹ ਦੋਵੇਂ ਲੋਕ ਉਸ ਰੱਬੀ ਨੂਰ ਦੇ ਜ਼ੱਰੇ ਹਨ;
ਇਹ ਚੰਨ ਸੂਰਜ ਦੋਵੇਂ ਉਸ ਦੀ ਚਾਕਰੀ ਵਿਚ ਮਸ਼ਾਲਚੀ ਹਨ।(28)

ਦੁਨੀਆਂ ਦੀ ਪਰਾਪਤੀ ਨਿਰੀ ਸਿਰਪੀੜ ਹੈ:
ਜੇ ਕੋਈ ਵੀ ਰੱਬ ਤੋਂ ਗ਼ਾਫ਼ਲ ਹੋਇਆ,ਉਹ ਜਾਂ ਬਲਦ ਹੈ ਜਾਂ ਖੋਤਾ।(29)

ਉਸ ਰੱਬ ਤੋਂ ਇਕ ਪਲ ਭਰ ਲਈ ਵੀ *ਅਵੇਸਲੇ ਰਹਿਣਾ* ਮਾਨੋ ਸੌ ਮੌਤਾਂ ਬਰਾਬਰ ਹੈ।
ਰੱਬ ਦੇ ਗਿਆਨ ਵਾਲਿਆਂ ਲਈ ਤਾਂ ਉਸ ਦੀ ਯਾਦ ਹੀ ਅਸਲ ਜ਼ਿਦਗੀ ਹੈ।(30)

The heaven and the earth are false entities,
They both are just an iota in the magnanimity of the Almighty.(25)

Both the worlds are in the command of the Almighty,
And both, the Valies (the benefactor) and, the Nabis (the Seers) sacrifice themselves unto him.(26)

The one who attains solidarity through the recollection of the Almighty,
He attains eternity along the celestial existence.(27)

Both these domains are particles of his resplendence,
And both the sun and the moon go round as his torch bearers.(28)

The worldly achievement is nothing but turmoil,
The one who becomes oblivious of Divine existence is either a bull (thick-headed) or an ass (fool).(29)

To remain in neglect of the Almighty, even, for a moment, implies a hundred deaths.
To the ones with the celestial enlightenment, godly reminiscence is the real life.(30)

ਹਰ ਉਹ ਛਿਨ ਜੋ ਉਸ ਦੀ ਯਾਦ ਵਿਚ ਗੁਜ਼ਰਦਾ ਹੈ,
ਉਸ ਦੀ ਜੜ੍ਹ ਰੱਬ ਨਾਲ ਸਦਾ ਕਾਇਮ ਰਹਿੰਦੀ ਹੈ।(31)

ਜੋ ਭੀ ਰੱਬ ਦੇ ਸਾਹਮਣੇ ਮੱਥਾ ਟੇਕਣ ਵਾਲਾ ਹੈ,
ਰੱਬ ਨੇ ਉਸ ਦਾ ਸਿਦਕ ਈਮਾਨ ਪੱਕਾ ਬਣਾ ਦਿੱਤਾ।(32)

ਸਿਰ ਤਾਂ ਰੱਬ ਨੂੰ ਮਥਾ ਟੇਕਣ ਲਈ ਪੈਦਾ ਕੀਤਾ ਹੈ,
ਇਹ ਹੀ {ਸੰਸਾਰ ਦੀ} ਹਰ ਸਿਰ ਦਰਦੀ ਦੀ ਦਵਾ ਹੈ।(33)

ਇਸ ਲਈ ਤੈਨੂੰ ਹਰ ਵੇਲੇ ਰੱਬ ਅੱਗੇ ਸਿਰ ਝੁਕਾਉਣਾ ਚਾਹੀਦਾ ਹੈ,
ਰੱਬ ਨੂੰ ਜਾਨਣ ਵਾਲਾ ਤਾਂ ਛਿੰਨ ਪਲ ਲਈ ਵੀ ਉਸ ਤੋਂ ਗ਼ਾਫਲ ਨਹੀਂ
ਰਹਿੰਦਾ।(34)

ਜੋ ਵੀ ਉਸ ਤੋਂ ਗ਼ਾਫਲ ਰਿਹਾ,ਉਹ ਕਿਵੇਂ ਅਕਲਮੰਦ ਕਿਹਾ ਜਾ ਸਕਦਾ ਹੈ,
ਜੋ ਵੀ ਗ਼ਾਫ਼ਲ ਹੋਇਆ, ਸਮਝੋ ਉਹ ਮੂਰਖ ਅਤੇ ਉਜੱਡ ਹੈ।(35)

ਗਿਆਨਵਾਨ ਪੁਰਸ਼ ਹਾ ਹੂ ਵਿਚ ਨਹੀਂ ਪੈਂਦਾ,
ਉਸ ਦੀ ਉਮਰ ਦੀ ਪਰਾਪਤੀ ਬੱਸ ਇਹੀ ਰੱਬ ਦੀ ਯਾਦ ਹੁੰਦੀ ਹੈ।(36)

Every moment that passes in his remembrance,
Has roots bonded with the Almighty.(31)

Who-so-ever pays his obeisance at his portal,
gets spirit of sacrifice and faith fortified by the Almighty.(32)

The head is blessed to pay homage,
And this is the only remedy for all the headaches.(33)

That is why you must always pay your obeisance before the Almighty.
The one with enlightenment, not even for a moment remains oblivious of him.(34)

The one who remains unaware, cannot he be adjudged as wise
Any one who lingers on as insensible, is follish and ignorant.(35)

A person with knowledge does not dither,
As only the godly achievements, he considers to be his life's savings.(36)

ਨਰਮ ਤੇ ਇਮਾਨਦਾਰ ਬਸ ਉਹੀ ਹੁੰਦਾ ਹੈ,
ਜੋ ਇਕ ਛਿਨ ਪਲ ਲਈ ਵੀ ਉਸ ਤੋਂ ਗਾਫ਼ਲ ਨਾ ਰਹੇ।(37)

ਰੱਬ ਤੋਂ ਗਾਫ਼ਲ ਰਹਿਣਾ,ਅਤੇ ਸੰਸਾਰੀ ਭੇਸ ਉਪਰ ਮੋਹਤ ਹੋਣਾ ਕੁਫਰ ਬਰਾਬਰ ਹੈ।(38)

ਹੇ ਮੌਲਵੀ!ਤੂੰ ਹੀ ਦਸ! ਰੱਬ ਤੋਂ ਗਾਫ਼ਲ ਰਹਿ ਕੇ ਇਹ ਸੰਸਾਰ ਅਤੇ ਇਸ ਦਾ ਭੇਖ ਅਰਥਾਤ ਰੰਗ ਰਸ ਤੇ ਭੋਗ ਕੀ ਅਰਥ ਰਖਦੇ ਹਨ? {ਭਾਵ ਰੱਬ ਤੋਂ ਬਿਨਾਂ ਇਨ੍ਹਾਂ ਦਾ ਕੁਝ ਭੀ ਮੂਲ ਨਹੀਂ ਪੈਂਦਾ} (39)

ਸੰਸਾਰ ਦੇ ਰੰਗ ਰਸ ਭੋਗਾਂ ਵਾਲਾ ਜੀਵਨ ਨਾਸ਼ਵਾਨ ਹੈ,
ਇਸ ਦੀ ਮਾਲਕੀ ਅਤੇ ਪਿਆਰ ਵਾਲਾ ਬੰਦਾ ਹੌਲਾ ਹੁੰਦਾ ਹੈ।(40)

ਦੀਨ ਅਤੇ ਦੁਨੀਆਂ ਉਸ ਦੇ ਰੱਬ ਦੇ ਬੰਦੇ ਹਨ,
ਇਹ ਉਸ ਦੇ ਅਹਿਸਾਨ ਹੇਠਾਂ ਹਨ।(41)

ਰੱਬ ਦੇ ਉਨ੍ਹਾਂ ਭਗਤਾਂ ਦੀ ਸੰਗਤ ਦਾ ਕਿੱਡਾਂ ਵੱਡਾ ਅਹਿਸਾਨ ਹੈ
ਜੋ ਉਸ ਦੇ ਸੱਚੇ ਪਿਆਰ ਦੀ ਸਿਖਿਆ ਲੈਂਦੇ ਰਹਿੰਦੇ ਹਨ।(42)

Only that one is compassionate and honest,
Who does not remain unaware of him, even for an instant.(37)

It is infidelity to remain oblivious of the Almighty,
And to linger on in the love of temporal existence.(38)

What good are the world and its temporal attire for which Currently, Oh Maulvi (Muslim Clergy), you have forsaken the Almighty?(39)

These worldly enjoyments are subject to mortality,
The one, endowed with them, is shallow.(40)

The faithful and the mundane, both belong to him,
And both are subject to his obligation.(41)

How magnanimous is the company of the God's devotees,
As they always strive to attain celestial enlightenment!(42)

ਉਸ ਦੀ ਯਾਦ ਸਿਦਕ ਈਮਾਨ ਦਾ ਸਰਮਾਇਆ ਹੁੰਦਾ ਹੈ;
ਹਰ ਭਿਖਾਰੀ ਉਸ ਦੀ ਯਾਦ ਨਾਲ ਬਾਦਸ਼ਾਹ ਹੁੰਦਾ ਹੈ।(43)

ਉਹ ਦਿਨ ਰਾਤ ਉਸ ਦੀ ਬੰਦਗੀ ਵਿਚ ਖੁਸ਼ ਰਹਿੰਦੇ ਹਨ,
ਉਸ ਦੀ ਬੰਦਗੀ ਹੀ ਅਸਲ ਬੰਦਗੀ ਹੈ ਅਤੇ ਉਸ ਦੀ ਯਾਦ ਹੀ ਅਸਲ ਯਾਦ ਹੈ।(44)

ਬਾਦਸ਼ਾਹਤ ਅਤੇ ਦਰਵੇਸ਼ੀ ਕੀ ਹੈ? ਸਮਝ ਲੈ ਕਿ
ਇਹ ਮਨੱਖਾਂ ਅਤੇ ਰੂਹਾਂ ਦੇ ਪੈਦਾ ਕਰਨ ਵਾਲੇ ਉਸ ਰੱਬ ਦੀ ਯਾਦ ਹੈ।(45)

ਜੇ ਕਰ ਉਸ ਦੀ ਯਾਦ ਤੇਰੀ ਜਾਨ ਦੀ ਮਿੱਤਰ ਬਣ ਜਾਵੇ,
ਤਾਂ ਦੋਵੇਂ ਜਹਾਨ ਤੇਰੇ ਹੁਕਮ ਹੇਠਾਂ ਹੋ ਜਾਣ।(46)

ਉਸ ਦੀ ਯਾਦ ਵਿਚ ਹੀ ਵੱਡੀ ਵਡਿਆਈ ਹੈ,
ਤੂੰ ਉਸ ਦੀ ਯਾਦ ਕਰ, ਬਸ ਉਸ ਦੀ ਯਾਦ ਕਰ।(47)

ਜੇਕਰ ਤੈਨੂੰ ਵਡਿਆਈ ਚਾਹੀਦੀ ਹੈ ਤਾਂ ਬੰਦਗੀ ਕਰ,
ਨਹੀਂ ਤਾਂ ਅਖ਼ੀਰ ਤੈਨੂੰ ਸ਼ਰਮਿੰਦਾ ਹੋਣਾ ਪਵੇਗਾ।(48)

His remembrance is the wealth of faith.
Every beggar is knighted through his recollection.(43)

Day and night, they remain happy in his prayers,
As his worship is the real worship and his recollection is the real evocation.(44)

What is the reigning and what is the hermitage? Bear in mind,
It is to reminisce the procreator of the humanity and the spirituality.(45)

If his remembrance becomes the pal of your living,
Then both the worlds will come under your command.(46)

His recollection is the greatest honour,
You remember him and just go on contemplating upon him.(47)

If you want to achieve magnificence, partake in worship,
Failing which, at last you will be dishonoured.(48)

ਸ਼ਰਮ ਕਰ,ਕੁਝ ਸ਼ਰਮ ਕਰ, ਤੂੰ ਸ਼ਰਮ ਕਰ,
ਆਪਣੇ ਇਸ ਪੱਥਰ ਵਰਗੇ ਦਿਲ ਨੂੰ ਨਰਮ ਕਰ।(49)

ਨਰਮੀ ਦਾ ਭਾਵ ਨਿਮਰਤਾ ਹੈ;
ਇਹ ਹੀ ਹਰ ਕਿਸੇ ਦੇ ਦਰਦ ਦੀ ਵੈਦਗੀ ਹੈ।(50)

ਸੱਚ ਦੇ ਭਗਤ ਖੁਦ-ਪ੍ਰਸੱਤੀ (ਹਉਮੈ) ਕਿਵੇਂ ਕਰ ਸਕਦੇ ਹਨ?
ਉਚੇ ਸਿਰਾਂ ਵਾਲੇ ਨਿਵਾਨਾਂ ਦੀ ਕਿਵੇਂ ਲਾਲਸਾ ਕਰ ਸਕਦੇ ਹਨ?(51)

ਇਹ ਹਉਮੈ ਇਕ ਗੰਦਾ ਤਿਪਕਾ ਹੈ;
ਜਿਸ ਨੇ ਤੇਰੀ ਮੁੱਠ ਭਰ ਮਿੱਟੀ ਵਿਚ ਥਾਂ ਬਣਾ ਰਖੀ ਹੈ।(52)

ਇਹ ਹਉਮੈਂ ਤੇਰੀ ਮੂਰਖਤਾ ਦਾ ਖਾਸਾ ਹੈ;
ਸੱਚ ਦੀ ਪੂਜਾ ਤੇਰੇ ਈਮਾਨ ਦੀ ਰਾਸ ਹੈ।(53)

ਤੇਰਾ ਸਰੀਰ ਤਾਂ ਹਵਾ,ਮਿਟੀ, ਅਤੇ ਅੱਗ ਦਾ ਬਣਿਆ ਹੋਇਆ ਹੈ,
ਤੂੰ ਤਾਂ ਪਾਣੀ ਦਾ ਇਕ ਕਤਰਾ ਹੈ, ਤੇ ਇਹ ਨੂਰ ਉਸ ਰੱਬ ਵਲੋਂ ਹੈ।(54)

Be ashamed, be ashamed, be ashamed,
Your stone-like heart? Make it receptive.(49)

Resiliency exemplifies humility,
And this is the ultimate prescription for all the afflictions.(50)

How can the men with godly devotion become self-promotional?
How can the high-headed ones, yearn for the lowliness?(51)

The self-promotionality is an unholy trait,
Which creates its place in earthly being.(52)

This self-promotion is the characteristic of your imprudence.
The truthful devotion should be the capital of your faith.(53)

Your body is a blend of air, earth and fire.
You are just a drop of water and the resplendence is godly endowment.(54)

ਤੇਰਾ ਹਿਰਦਾ ਰੂਪੀ ਘਰ ਰੱਬ ਦੇ ਨੂਰ ਨਾਲ ਰੌਸ਼ਨ ਹੈ
ਤੂੰ ਇਕ ਫੁਲ ਸੀ, ਹੁਣ ਗੁਲਸ਼ਨ ਬਣ ਗਿਆ ਹੈ।(55)

ਅਪਣੇ ਇਸ ਗੁਲਸ਼ਨ ਅੰਦਰ ਤੂੰ ਸੈਰ ਕਰ,
ਪਾਕ ਪਵਿਤ੍ਰ ਪੰਛੀ ਵਾਂਗ ਉਸ ਵਿਚ ਉਡਾਰੀਆਂ ਲਾ।(56)

ਉਸ ਦੀ ਇਕ ਇਕ ਨੁੱਕਰ ਵਿਚ ਲਖਾਂ ਬਹਿਸ਼ਤੀ ਬਾਗ ਹਨ,
ਇਹ ਦੋਵੇਂ ਜਹਾਨ ਉਸੇ ਦੇ ਸਿੱਟੇ ਦੇ ਦਾਣੇ ਹਨ।(57)

ਉਸ ਪਾਕ ਪਵਿਤ੍ਰ ਪੰਛੀ ਦਾ ਚੋਗਾ ਰੱਬ ਦੀ ਯਾਦ ਹੈ,
ਉਸ ਦੀ ਯਾਦ, ਬਸ ਉਸ ਦੀ ਯਾਦ,ਹਾਂ ਉਸੇ ਦੀ ਯਾਦ।(58)

ਜਿਹੜਾ ਵੀ ਰੱਬ ਦੀ ਯਾਦ ਵਲ ਲੱਗਾ ਹੋਇਆ ਹੈ,
ਉਸ ਦੇ ਰਾਹ ਦੀ ਧੂੜ ਸਾਡੇ ਨੇਤ੍ਰਾਂ ਦਾ ਸੁਰਮਾ ਹੈ।(59)

ਜੇ ਕਰ ਤੈਨੂੰ ਰੱਬ ਦੀ ਯਾਦ ਪਰਾਪਤ ਹੋ ਜਾਏ,
ਤਾਂ, ਹੇ ਦਿਲ! ਸਮਝ ਕਿ ਤੇਰੀ ਹਰ ਮੁਸ਼ਕਲ ਦਾ ਹਲ ਹੋ ਗਿਆ।(60)

Your conscious heart is brimful with godly brilliance.
You were just a flower but have turned into a flower-garden.(55)

Roam around in this landscape of yours,
And, like a virtuous bird, soar through.(56)

There exist in each corner of that (landscape), thousands of celestial gardens,
And both these domains are the grains from the same ear.(57)

Celestial recollection is the food for that pious bird,
His remembrance is its recollection, and its reminiscence.(58)

Whosoever is imbued with the recollection of the Almighty,
The dust of his avenues is collyrium for our eyes.(59)

If you gain the celestial remembrance,
Then, O My Mind, consider, all your adversities eliminated.(60)

ਹਰ ਮੁਸ਼ਕਲ ਦਾ ਹੱਲ ਬੱਸ ਇਹੀ ਰੱਬ ਦੀ ਯਾਦ ਹੈ,
ਰੱਬ ਦੀ ਯਾਦ ਕਰਨ ਵਾਲਾ ਰੱਬ ਦੀ ਹੀ ਜ਼ਾਤ ਹੁੰਦਾ ਹੈ।(61)

ਅਸਲ ਵਿਚ ਰੱਬ ਤੋਂ ਬਿਨਾ ਕੋਈ ਭੀ ਹੋਰ ਚੀਜ਼ ਪਰਵਾਨ ਨਹੀਂ ਹੈ,
ਹੇ ਮੇਰੇ ਮਨ! ਅਜਿਹਾ ਕੌਣ ਹੈ, ਜਿਹੜਾ ਸਿਰ ਤੋਂ ਪੈਰਾਂ ਤਕ ਰੱਬ ਦਾ ਨੂਰ ਨਹੀਂ।(62)

ਤੂੰ ਉਸ ਮਹਾਨ ਨੂਰ ਦੀ ਇਕ ਕਿਰਣ ਹੈਂ, ਸਿਰ ਤੋਂ ਪੈਰਾਂ ਤਕ ਨੂਰ ਹੋ ਜਾ।
ਚਿੰਤਾ ਨੂੰ ਛੱਡ ਦੇ ਅਤੇ ਸਦਾ ਲਈ ਸਰੂਰ ਵਿਚ ਰਹੁ।(63)

ਕਦ ਤਕ ਤੂੰ ਗਮ ਦੀ ਸਦੀਵੀ ਕੈਦ ਵਿਚ ਪਿਆ ਰਹੇਂਗਾ?
ਗਮ ਨੂੰ ਛਡ,ਰੱਬ ਦੀ ਯਾਦ ਕਰ ਅਤੇ ਸਦਾ ਸਲਾਮਤ ਰਹੁ।(64)

ਗ਼ਮ ਕੀ ਹੈ? ਉਸ ਰੱਬ ਦੀ ਯਾਦ ਤੋਂ ਗ਼ਫਲਤ,
ਖੁਸ਼ੀ ਕੀ ਹੈ, ਉਸ ਅਪਰਮ ਅਪਾਰ ਦੀ ਯਾਦ।(65)

ਜਾਣਦਾ ਹੈਂ ਕਿ ਉਸ ਅਪਰਮ ਅਪਾਰ ਦੇ ਕੀ ਅਰਥ ਹਨ?
ਅਪਰਮ ਅਪਾਰ ਉਹ ਹੈ,ਜਿਹੜਾ ਜਨਮ ਮਰਨ ਵਿਚ ਨਹੀ ਆਉਂਦਾ। (66)

The solution for all the ills is in the godly recollection,
As the godly recollector is the embodiment of godly existence.(61)

In fact, without the Almighty, nothing is acceptable,
O, My Mind, who is there which is not imbued with godly light throughout?(62)

As you are a ray of that great splendour, you must become its glitter,
And relinquishing the anxieties, ever remain in exhilaration.(63)

How long will you continue in this ever-lasting confinement?
Renounce the worries, recollect the Almighty and subsist for ever.(64)

What is an affliction? It is the ignorance of the divinity.
And what is happiness? It is the recollection of the Infinite One.(65)

Do you know what is the purport of the Infinite One?
The Infinite One is the one who is immune from transmigration.(66)

ਹਰ ਪੁਰਸ਼ ਅਤੇ ਇਸਤ੍ਰੀ ਨੂੰ ਉਸੇ ਦੀ ਹੀ ਧੁਨ ਸਮਾਈ ਹੋਈ ਹੈ।
ਦੋਹਾਂ ਜਹਾਨਾਂ ਵਿਚ ਇਹ ਉਸੇ ਦਾ ਹੀ ਰੌਲਾ ਰੱਪਾ ਹੈ।(67)

ਵਲੀਆ (ਸੰਤਾਂ) ਦੀ ਰਸਨਾ ਉਤੇ ਉਸ ਦਾ ਟਿਕਾਣਾ ਹੈ,
ਜਾਂ ਉਸ ਜੀਵ ਦੇ ਹਿਰਦੇ ਅੰਦਰ, ਜਿਥੇ ਦਿਨ ਰਾਤ ਉਸ ਦੀ ਯਾਦ ਰੰਹਿੰਦੀ ।(68)

ਉਸ(ਰੱਬ ਨੂੰ ਯਾਦ ਕਰਨ ਵਾਲੇ) ਦੀ ਅੱਖ ਗੈਰ ਉਪਰ ਖੁਲ੍ਹਦੀ ਹੀ ਨਹੀਂ।
ਉਸ ਦਾ ਕਤਰਾ ਬਿਨਾ ਸਾਗਰ ਦੀ ਦਿਸ਼ਾ ਦੇ ਹੋਰ ਕਿਸੇ ਪਾਸੇਂ ਰੁੜ੍ਹਦਾ ਹੀ ਨਹੀਂ।(69)

ਰੱਬ ਦਾ ਬੰਦਾ ਦੋਹਾਂ ਜਹਾਨਾਂ ਦਾ ਮਾਲਿਕ ਹੈ,
ਕਿਉਂ ਜੋ ਉਹ ਰੱਬ ਦੇ ਉਸ ਮਹਾਨ ਸੱਚ-ਸਰੂਪ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਵੇਖਦਾ।(70)

ਇਹ ਲੋਕ ਪਰਲੋਕ ਦੋਵੇਂ ਨਾਸ਼ਵਾਨ ਹਨ;
ਉਸ ਦੀ ਯਾਦ ਤੋਂ ਛੁਟ ਬਾਕੀ ਸਭ ਕੁਝ ਬੇਸਮਝੀ ਹੈ।(71)

ਉਸ ਦੀ *ਯਾਦ ਕਰ; ਜਿਥੋਂ* ਤਕ ਤੇਰੇ ਪਾਸੋਂ ਹੋ ਸਕੇ ਉਸ ਨੂੰ ਯਾਦ ਰੱਖ।
ਆਪਣੇ (ਹਿਰਦੇ ਰੂਪੀ) ਘਰ ਨੂੰ ਰੱਬ ਦੀ ਯਾਦ ਨਾਲ ਆਬਾਦ ਕਰ।(72)

Every man and woman is imbued with his adoration,
And, in both the domains, all rumpus is for him.(67)

His domain is either in the eloquence of the valis (the saints)
Or in the hearts of the ones who think of him day and night.(68)

His (devotee's) vision does not capture the strangers,
His drop does not flow in any direction except towards the godly sea.(69)

The celestial human is the possessor of both the domains,
Because, except the truthful Omnipresence, he does not see any body.(70)

Both, the heaven and the earth, are destructible,
And except his realization, rest is all ignorance.(71)

Remember him, as far as possible, recall him,
And treasure your abode by retaining his recognition.(72)

ਤੇਰਾ ਇਹ ਹਿਰਦਾ ਰੱਬ ਦਾ ਹੀ ਘਰ ਹੈ,
ਮੈਂ ਕੀ ਆਖਾਂ, ਰੱਬ ਨੇ ਹੀ ਇਉਂ ਕਿਹਾ ਹੈ।(73)

ਤੇਰਾ ਸਾਥੀ ਅਤੇ ਤੇਰੀ ਹਾਂ ਨਾਲ ਹਾਂ ਮਿਲਾਣ ਵਾਲਾ ਤਾਂ ਬਾਦਸ਼ਾਹ ਹੈ,
ਪਰ ਤੂੰ ਤਾਂ ਹਰ ਮੰਦੇ ਚੰਗੇ ਮਗਰ ਸਵਾਰਥ ਲਈ ਨਸਦਾ ਫ਼ਿਰਦਾ ਹੈ।(74)

ਅਫ਼ਸੋਸ ਤੇਰੇ ਉੱਤੇ,ਤੇਰੀ ਜਾਨ ਉਤੇ ਅਤੇ ਤੇਰੇ ਹਾਲ ਉੱਤੇ,
ਅਫ਼ਸੋਸ ਹੈ ਤੇਰੀ ਇਸ ਅਣਗਹਿਲੀ ਉੱਤੇ ਅਤੇ ਤੇਰੀ ਚਾਲ ਉੱਤੇ।(75)

ਜਿਹੜਾ ਵੀ ਉਸ ਦੇ ਦੀਦਾਰ ਦਾ ਤਾਲਬ ਹੋ ਗਿਆ,
ਉਸ ਦੀਆਂ ਨਜ਼ਰਾਂ ਵਿਚ ਸਭ ਕੁਝ ਉਸੇ ਦਾ ਸਰੂਪ ਹੋੌ ਗਿਆ।76)

ਹਰ ਚਿਤ੍ਰ ਵਿਚ ਉਹ ਚਿਤ੍ਰਕਾਰ ਹੀ ਝਲਕਦਾ ਹੈ,
ਪਰੰਤੂ ਇਸ ਭੇਤ ਨੂੰ ਮਨਮੁਖ ਨਹੀਂ ਜਾਣ ਸਕਦਾ।(77)

ਜੇ ਕਰ ਤੂੰ ਰੱਬ ਦੇ ਪ੍ਰੇਮ ਦਾ ਸਬਕ ਪੜ੍ਹਨਾ ਹੈ ਤਾਂ
ਰੱਬ ਦੀ ਯਾਦ ਕਰ,ਤੂੰ ਬਸ ਰੱਬ ਦੀ ਯਾਦ ਕਰ{(78)

Your heart is the domicile of the Almighty.
What can I say, God himself has expounded like this.(73)

Your companion and your yes-man is a sovereign,
But you are following all the virtuous and the lowly-ones for benevolence.(74)

Sorry for you, your life and your stipulations,
And regretable is your obliviousness and gait.(75)

Whosoever longed for his vision,
In his perception, all depicted his embodiment.(76)

In every painting, the painter radiates,
But a heretic cannot unravel the mystery.(77)

If you covet for the guidance in the love of the Almighty,
Then remember him and just recollect him.(78)

ਹੇ ਭਾਈ! ਕੀ ਤੈਨੂੰ ਪਤਾ ਹੈ ਰੱਬ ਦੀ ਯਾਦ ਕੀ ਹੁੰਦੀ ਹੈ,
ਅਤੇ ਇਨ੍ਹਾਂ ਸਾਰੇ ਦਿਲਾਂ ਅੰਦਰ ਕੌਣ ਵਸਦਾ ਹੈ?(79)

ਜਦ ਸਭਨਾ ਦਿਲਾਂ ਵਿਚ ਉਹ ਹੀ ਵਸਦਾ ਹੈ,
ਦਿਲ ਦਾ ਘਰ ਉਸ ਦਾ ਟਿਕਾਣਾ ਅਤੇ ਪਨਾਹ ਹੈ।(80)

ਜਦ ਤੈਨੂੰ ਪਤਾ ਲਗ ਗਿਆ, ਕਿ ਸਾਰੇ ਦਿਲਾਂ ਵਿਚ ਰੱਬ ਵਸਦਾ ਹੈ,
ਤਾਂ ਤੇ ਹਰ ਦਿਲ ਦੀ ਇਜ਼ਤ ਕਰਨਾ ਤੇਰਾ ਮਨੋਰਥ ਹੋਣਾ ਚਾਹੀਦਾ ਹੈ।(81)

ਇਹੀ ਰੱਬ ਦੀ ਯਾਦ ਹੈ, ਹੋਰ ਕੋਈ ਯਾਦ ਨਹੀਂ,
ਜਿਸ ਕਿਸੇ ਨੂੰ ਅਜਿਹਾ ਫਿਕਰ ਨਹੀਂ,ਉਹ ਖੁਸ਼ ਨਹੀਂ ਹੈ।(82)

ਰੱਬ ਦੇ ਗਿਆਨਵਾਨਾਂ ਦੀ ਜ਼ਿਦਗੀ ਰੱਬ ਦਾ ਸਿਮਰਨ ਹੈ,
ਹਉਂਮੈ ਵਿਚ ਵਸਿਆ ਮਨੁੱਖ ਰੱਬ ਤੋਂ ਦੂਰ ਹੈ।(83)

ਹੇ ਗੋਯਾ! ਤੇਰੀ ਹਸਤੀ ਹੀ ਕੀ ਹੈ? ਇਕ ਮੁਠ ਮਿੱਟੀ ਤੋਂ ਵੱਧ ਨਹੀਂ,
ਅਤੇ ਉਹ ਵੀ ਆਪਣੇ ਬੱਸ ਨਹੀ (ਇਹ ਸਰੀਰ ਵੀ ਤਾਂ ਆਪਣੇ ਬੱਸ ਨਹੀਂ)(84)

O Brother, do you know what the remembrance of the Almighty is;
And who dwells in all these hearts?(79)

When he abides in all the hearts,
Then every heart is his abode and shelter.(80)

When you have perceived that he resides in all the hearts,
To revere all the hearts should become your ideal.(81)

Remembrance of the Almighty is the only remembrance,
And the one, who bears not this in mind, feels not gratified.(82)

The aim of the celestially knowledgeable is the godly awareness,
And the one imbued with ego, remains detached from the Almighty.(83)

O, Goya, What is your entity? Just a handful of dust,
And that too is beyond your control.(84)

ਰੱਬ ਨੇ ਬਹੱਤਰ ਫਿਰਕੇ ਪੈਦਾ ਕੀਤੇ ਹਨ,
ਜਿਨ੍ਹਾਂ ਵਿਚੋਂ ਉਸ ਨੇ ਨਾਜੀ ਫਿਰਕਾ ਉੱਚਤਮ ਚੁਣਿਆ।(85)

ਨਾਜੀ(ਜਿਹੜੇ ਜਨਮ ਮਰਨ ਤੋਂ ਰਹਿਤ ਹੋ ਗਏ ਹੋਣ)ਫਿਰਕੇ ਨੂੰ ਤੂੰ ਬਿਨਾ ਕਿਸੇ
ਸ਼ੱਕ ਦੇ ਬਹੱਤਰਾਂ ਫਿਰਕਿਆਂ ਦੀ ਪਨਾਹ ਸਮਝ।(86)

ਇਨ੍ਹਾਂ ਦਾ ਹਰ ਇਕ ਬੰਦਾ ਪਵਿੱਤਰ ਹੈ,
ਸੋਹਣਾ,ਨੇਕ-ਸੁਭਾਉ ਅਤੇ ਨੇਕ ਤਬੀਅਤ ਵਾਲਾ ਹੈ।(87)

ਇਨ੍ਹਾਂ ਨੂੰ ਰੱਬ ਦੀ ਯਾਦ ਤੋਂ ਬਿਨਾਂ ਕੋਈ ਚੀਜ਼ ਚੰਗੀ ਨਹੀਂ ਲਗਦੀ,
ਬੰਦਗੀ ਤੇ ਪਾਠ ਬਿਨਾ ਉਨ੍ਹਾਂ ਦੀ ਹੋਰ ਕੋਈ ਮਰਯਾਦਾ ਨਹੀਂ।(88)

ਉਨ੍ਹਾਂ ਦੇ ਸ਼ਬਦਾਂ ਵਿਚੋਂ ਖੰਡ ਤੇ ਮਿਸ਼ਰੀ ਝੜਦੀ ਹੈ,
ਉਨ੍ਹਾ ਦੇ ਹਰ ਵਾਲ ਤੋਂ ਅੰਮ੍ਰਿਤ ਦੀ ਬਰਖਾ ਹੁੰਦੀ ਹੈ।89)

ਉਹ ਈਰਖਾ,ਵੈਰ ਵਿਰੋਧ ਤੋਂ ਅਟੰਕ ਹਨ,
ਓਹ ਕਦੀ ਮੰਦਾ ਕਰਮ ਨਹੀਂ ਕਰਦੇ।(90)

The Almighty has created seventy-two clans,
And among those he gave prominence to the Naji*.(85)

And the clan of Najis, you may regard,
As the shelter for all the seventy-two clans.(86)

Each and every one of them is a pious person,
And he is handsome, kind-hearted and of amiable-natured.(87)

They don’t relish any thing but the remembrance of the Almighty,
And they have no other criteria except the celestial recollection and prayers.(88)

Their eloquence is laced with sugar and candies,
And through every one of their hair, the nectar flows.(89)

They are devoid of jealousy and enmity, and are above malice,
And they never indulge in bad deeds.(90)

(*The ones emancipated from the bondage of life and death.)

ਉਹ ਹਰ ਇਕ ਦਾ ਮਾਨ ਸਤਿਕਾਰ ਕਰਦੇ ਹਨ,
ਉਹ ਨਿਰਧਨ ਨੂੰ ਧਨਵਾਨ ਬਣਾ ਦਿੰਦੇ ਹਨ।(91)

ਉਹ ਮੁਰਦੇ ਨੂੰ ਅੰਮ੍ਰਿਤ ਬਖਸ਼ਦੇ ਹਨ,
ਉਹ ਹਰ ਮੁਰਝਾਏ ਹੋਏ ਦਿਲ ਨੂੰ ਨਵੀਂ ਜਾਨ ਬਖ਼ਸ਼ਦੇ ਹਨ।(92)

ਉਹ ਹਰ ਸੁੱਕੀ ਲਕੜ ਨੂੰ ਹਰੀ ਭਰੀ ਬਣਾ ਦਿੰਦੇ ਹਨ,
ਉਹ ਬੂ ਨੂੰ ਵੀ ਕਸਤੂਰੀ ਬਣਾ ਦਿੰਦੇ ਹਨ।(93)

ਨਿਜੀ ਸਿਫਤਾਂ ਵਿਚ ਇਹ ਸਾਰੇ ਭਲੇ ਲੋਕ ਹਨ,
ਰੱਬ ਦੀ ਜ਼ਾਤ ਦੇ ਢੂੰਡਾਊ ਹਨ, ਆਪ ਵੀ ਉਹ ਰੱਬ ਵਰਗੇ ਹੀ ਹਨ।(94)

ਇਲਮ ਅਤੇ ਅਦਬ ਉਨ੍ਹਾਂ ਦੇ ਸੁਭਾਉ ਵਿਚੋਂ ਪ੍ਰਗਟ ਹੁੰਦਾ ਹੈ,
ਉਨ੍ਹਾ ਦਾ ਮੁਖੜਾ ਨੂਰਾਨੀ ਸੂਰਜ ਤੋਂ ਰੌਸ਼ਨ ਹੁੰਦਾ ਹੈ।(95)

ਉਨ੍ਹਾਂ ਦਾ ਪੰਥ ਗਰੀਬ ਨਿਮਾਣਿਆਂ ਦੀ ਕੌਮ ਹੈ;
ਦੋਵੇਂ ਜਹਾਨ ਇਨ੍ਹਾਂ ਦੇ ਸ਼ਰਧਾਲੂ ਹਨ।(96)

They revere and respect every body,
And create the affluent out of the indigent.(91)

They endow nectar to the lifeless ones,
And confer existence to the waning hearts.(92)

They bring greenery into the dehydrated woods,
And convert the stink into aroma.(93)

Individually, they all are very tender-hearted,
Always pursue the godly nature, and epitomise the Almighty.(94)

Learning and literature, seek through their temperament,
And their semblance gets resplendence from the spiritual Sun.(95)

Their realm is the kingdom of the humble ones,
And both the domains are their adherents.(96)

ਇਹ ਮਸਕੀਨਾ ਦੀ ਕੌਮ,ਰੱਬ ਦੇ ਬੰਦਿਆਂ ਦੀ ਕੌਮ ਹੈ।
ਇਹ ਸਭ ਕੁਝ ਨਾਸ ਹੋ ਜਾਣ ਵਾਲਾ ਹੈ, ਪਰ ਉਹ ਰੱਬ ਸਦਾ ਅਬਿਨਾਸ਼ੀ ਹੈ।(97)

ਉਨ੍ਹਾਂ ਦੀ ਸੰਗਤ ਨੇ ਮਿਟੀ ਨੂੰ ਭੀ ਅਕਸੀਰ ਦਿੱਤਾ।
ਉਨ੍ਹਾਂ ਦੀ ਮਿਹਰ ਨੇ ਹਰ ਦਿਲ ਤੇ ਅਸਰ ਕੀਤਾ।(98)

ਜੋ ਵੀ ਇਕ ਵਾਰ ਵੀ ਉਨਾਂ ਦੀ ਸੰਗਤ ਵਿਚ ਬੈਠ ਜਾਂਦਾ ਹੈ,
ਫਿਰ ਉਹ ਕਿਆਮਤ ਦੇ ਦਿਨ ਦੀ ਕਦ ਚਿੰਤਾ ਕਰਦਾ ਹੈ?(99)

ਜਿਸ ਨੂੰ ਸੈਂਕੜੇ ਸਾਲਾਂ ਦੀ ਉਮਰ ਵਿਚ ਕੁਝ ਪਰਾਪਤ ਨਾ ਹੋਇਆ,
ਉਨ੍ਹਾਂ ਦੀ ਸੰਗਤ 'ਚ ਉਹ ਸੂਰਜ ਵਾਂਗ ਚਮਕ ਪਿਆ।(100)'

ਅਸੀਂ ਉਨ੍ਹਾਂ ਦੇ ਅਹਿਸਾਨਮੰਦ ਹਾਂ,
ਉਨ੍ਹਾਂ ਦੇ ਅਹਿਸਾਨ ਦੇ ਬੰਦੇ ਹਾਂ।(101

ਮੇਰੇ ਜਿਹੇ ਲਖਾਂ ਉਨ੍ਹਾਂ ਤੋਂ ਕੁਰਬਾਨ ਹਨ,
ਮੈਂ ਜੋ ਕੁਝ ਵੀ ਉਨ੍ਹਾਂ ਦੀ ਸਿਫਤ ਵਿਚ ਆਖਾਂ, ਥੋੜਾ ਹੈ।(102)

It is a nation of the submissive-ones, and the children of God,
As all is subject to eradication except God who is stable for ever.(97)

Their company has turned dust into elixir,
And their benevolence has affected all the hearts.(98)

The one who gets once into their assembly,
Never endures distress till, even, the doom's day.(99)

The one who could not achieve resplendence throughout his life,
Radiates like the sun through their company.(100)

We are indebted to them,
As we are bounden by their benevolence.(101)

Thousands like me sacrifice themselves for them,
And whatever I may say in their praise is paltry.(102)

ਉਨ੍ਹਾਂ ਦੀ ਸ਼ਾਨ ਕਹਿਣ ਤੋਂ ਬਾਹਰ ਹੈ,
ਉਨ੍ਹਾਂ ਦਾ ਜੀਵ-ਜਾਮਾ ਧੋਣ ਤੋਂ ਪਾਕ ਹੈ।(103)

ਯਕੀਨ ਰਖ! ਆਖਰ ਇਹ ਦੁਨੀਆਂ ਕਦ ਤਕ ਹੈ?
ਅਖੀਰ ਤੇਰਾ ਸਬੰਧ ਤਾਂ ਰੱਬ ਨਾਲ ਹੀ ਹੋਣਾ ਹੈ।(104)

ਹੁਣ ਤੂੰ ਫਿਰ ਮੁੱਢ ਤੋਂ ਉਸ ਸ਼ਾਹ ਦੀਆਂ ਕਥਾ ਕਹਾਣੀਆਂ ਕਰ।
ਇਸ ਰਾਹ ਦੇ ਵਿਖਾਉਣ ਵਾਲੇ ਦੇ ਪਿੱਛੇ ਪਿੱਛੇ ਤੁਰ।(105)

ਤਾਂ ਜੋ ਤੈਨੂੰ ਉਮਰਾ ਦੀ ਮੁਰਾਦ ਮਿਲ ਜਾਵੇ,
ਅਤੇ ਉਸ ਮਹਾਨ ਪ੍ਰਭੂ ਦੀ ਪ੍ਰੀਤੀ ਦੀ ਰਾਸ ਪ੍ਰਾਪਤ ਹੋਵੇ।(106)

ਇਕ ਮੂਰਖ ਵੀ ਉਥੇ ਦਿਲ ਵਾਲਾ ਹੋ ਜਾਂਦਾ ਹੈ,
ਦਰਿਆ ਵਿਚ ਡੁੱਬਿਆ ਹੋਇਆ ਵੀ ਕੰਢੇ ਤੇ ਪੁੱਜ ਜਾਂਦਾ ਹੈ।(107)

ਜਿਸ ਨੂੰ ਰੱਬ ਦੀ ਯਾਦ ਪਰਾਪਤ ਹੋ ਜਾਂਦੀ ਹੈ,
ਉਹ ਤੁਛ ਵੀ ਪੂਰਾ ਗਿਆਨਵਾਨ ਬਣ ਜਾਂਦਾ ਹੈ।(108)

Their glory is beyond description,
As their temporal attire, is virtuous needing no dousing.(103)

Keep faith on them; after all how long is this world going to last?
At the end your emancipation will be through the Almighty only.(104)

Now you constantly relate the anecdotes of the Celestial majesty,
And follow the one who is leading on this path.(105)

So that you may achieve your life-long aspirations,
And relish the love of that magnanimous majesty.(106)

Even an imbecile one acquires the courage there,
And the drowning one reaches the shore.(107)

Whosoever is endowed with the recollection of the Almighty,
Even that benighted one achieves the ability to seek knowledge.(108)

ਜਿਹੜਾ ਰੱਬ(ਦੀ ਯਾਦ) ਤੋਂ ਪਲ ਭਰ ਵੀ ਗ਼ਾਫਲ ਨਹੀਂ,
ਉਸ ਦੇ ਸਿਰ ਉਤੇ ਸਮਝੋ ਅਦਬ-ਸਤਿਕਾਰ ਦਾ ਤਾਜ ਰਖਿਆ ਹੋਇਆ ਹੈ।(109)

ਇਹ ਦੋਲਤ ਹਰ ਕਿਸੇ ਨੂੰ ਨਸੀਬ ਨਹੀਂ,
ਉਨ੍ਹਾਂ ਦੇ ਦਰਦ ਦਾ ਇਲਾਜ ਸਿਵਾਏ ਰੱਬ ਵੈਦ ਦੇ ਕੋਈ ਨਹੀਂ।(110)

ਹਰ ਦਰਦ ਦਾ ਦਾਰੂ ਰੱਬ ਦੀ ਯਾਦ ਹੈ,
ਜਿਸ ਹਾਲ ਵਿਚ ਰੱਬ ਰੱਖੇ, ਉਹੀ ਠੀਕ ਹੈ।(111)

ਸਭ ਦੀ ਇੱਛਾ ਪੂਰਨ ਸਤਿਗੁਰ ਦੀ ਪਰਾਪਤੀ ਹੈ,
ਬਿਨਾਂ ਗੁਰੂ ਦੇ ਕੌਈ ਰੱਬ ਤਕ ਨਹੀਂ ਪਹੁੰਚ ਸਕਦਾ।(112)

ਪਾਂਧੀਆਂ ਲਈ ਕਿਨੇ ਹੀ ਰਾਹ ਹਨ,
ਉਨ੍ਹਾਂ ਨੂੰ ਕਾਫਲੇ ਦੇ ਰਾਹ ਦੀ ਲੋੜ ਨਹੀਂ ਹੈ।(113)

ਉਹ ਹਰ ਦਮ ਰੱਬ ਦੇ ਸਿਮਰਨ ਲਈ ਤਤਪਰ ਰਹਿੰਦੇ ਹਨ,
ਆਪ ਰੱਬ ਦੇ ਮਨਜ਼ੂਰ ਹਨ ਅਤੇ ਰੱਬ ਦੇ ਦਰਸ਼ਕ ਹਨ।(114)

The one who is not unaware of godly existence, even for moment,
Deem that one honoured with the crown of reverence.(109)

This affluence is not in the destiny of every one,
Their remedy lies with none else than the celestial healer.(110)

Every ailment has its cure in godly remembrance,
And the posture he keeps one in, one must accept.(111)

The pursuit of truth is to realize the perfect preceptor,
As, without the preceptor, none can achieve the Almighty.(112)

(Seeking) travellers have countless avenues,
But they need not follow the way of the caravan (holy congregation).(113)

They always remain vigilantly aware of the remembrance of God.
Themselves, they are accepted as they toil for the vision.(114)

ਪੂਰਨ ਸਤਿਗੁਰੂ ਓਹੀ ਅਤੇ ਓਹੀ ਹੋ ਸਕਦਾ ਹੈ,
ਜਿਸ ਦੀ ਬਾਣੀ ਵਿਚੋਂ ਰੱਬ ਦੀ ਸੁਗੰਧੀ ਸਪਸ਼ਟ ਮਹਿਕਦੀ ਹੋਵੇ।(115)

ਕੋਈ ਵੀ ਉਨ੍ਹਾਂ ਦੇ ਸਾਮ੍ਹਣੇ ਜ਼ੱਰੇ ਵਾਂਗ ਆਂਉਦਾ ਹੈ,
ਉਹ ਛੇਤੀ ਹੀ ਸੂਰਜ ਵਾਂਗ ਨੂਰ ਦੀ ਬਰਖਾ ਕਰਨ ਵਾਲਾ ਬਣ ਜਾਂਦਾ ਹੈ(116)

ਜ਼ਿਦਗੀ ਉਹੀ ਹੈ ਜਿਹੜੀ ਬਿਨਾਂ ਕਿਸੇ ਹੀਲ ਹੁੱਜਤ ਦੇ
ਉਸ ਰੱਬ ਦੀ ਯਾਦ ਵਿਚ ਗੁਜ਼ਰੇ।(117)

ਹਉਮੈ ਕਰਨਾ ਮੂਰਖਾਂ ਦਾ ਕੰਮ ਹੈ,
ਰੱਬ ਦੀ ਭਗਤੀ ਈਮਾਨ ਵਾਲਿਆਂ ਦਾ ਖਾਸਾ ਹੈ।(118)

ਹਰ ਇਕ ਦਮ ਦੀ ਅਣਗਹਿਲੀ ਇਕ ਵੱਡੀ ਮੌਤ ਹੈ,
ਰੱਬ ਦੋਜ਼ਖ ਦੇ ਸ਼ੈਤਾਨ ਤੌਂ ਬਚਾਈ ਰੱਖੇ।(119)

ਜਿਹੜਾ ਉਸ ਦੀ ਯਾਦ ਵਿਚ ਦਿਨ ਰਾਤ ਮਸਤ ਰਹਿੰਦਾ ਹੈ,
(ਉਸ ਨੂੰ ਪਤਾ ਹੈ ਕਿ)ਇਹ{ਰੱਬ ਦੀ ਯਾਦ} ਮਾਲ ਸੰਤਾਂ ਦੀ ਹੱਟ ਤੌਂ ਹੀ ਪ੍ਰਾਪਤ ਹੁੰਦਾ ਹੈ।(120))

He is the perfect preceptor and only He can be,
From whose expositions, the celestial fragrance radiates.(115)

Any one who presents himself just as an iota before him,
Instantly, starts showering resplendence like the sun.(116)

That life is worth which passes without hesitation,
In the recollection of the Almighty.(117)

The egoism is the domain of the fools,
And the worship of the Almighty is the criterion of the believers.(118)

Negligence, even during the spell of one breath, is like the death.
May God save (us) from the clutches of the Satan of the hell.(119)

One who remains permeated with his remembrance day and night,
(He knows) this commodity is available only at the shop of the godly adherents.(120)

ਉਨ੍ਹਾਂ ਦੀ ਦਰਗਾਹ ਦਾ ਸਭ ਤੋਂ ਨੀਵਾਂ ਬੰਦਾ ਵੀ
ਇਸ ਜਹਾਨ ਦੇ ਵੱਡੇ ਤੋਂ ਵੱਡੇ ਪਤਵੰਤਿਆਂ ਨਾਲੋਂ ਚੰਗੇਰਾ ਹੈ।(121)

ਉਨ੍ਹਾਂ ਦੇ ਰਾਹਾਂ ਤੋਂ ਕਈਂ ਸਿਆਣੇ ਕੁਰਬਾਨ (ਜਾਂਦੇ)ਹਨ,
ਉਨ੍ਹਾਂ ਦੇ ਰਾਹਾਂ ਦੀ ਧੂੜ ਮੇਰੀਆਂ ਅੱਖਾਂ ਲਈ ਸੁਰਮਾ ਹੈ।(122)

ਤੂੰ ਵੀ, ਹੇ ਬਰਖੁਰਦਾਰ! ਆਪਣੇ ਆਪ ਨੂੰ ਇਸੇ ਤਰ੍ਹਾਂ ਸਮਝ,
ਤਾਂ ਜੋ ਮੇਰੀ ਜਾਨ! ਤੂੰ ਇਕ ਬਿਬੇਕੀ ਪੁਰਸ਼ ਬਣ ਜਾਵੇਂ)123)

ਇਨ੍ਹਾਂ ਸਾਹਿਬਾਂ ਦੇ ਬਹੁਤ ਸੇਵਕ ਅਤੇ ਬੰਦੇ ਹਨ,
ਬੰਦੇ ਦਾ ਕੰਮ ਤਾਂ ਬੰਦਗੀ ਕਰਨਾ ਹੈ।(124)

ਇਸ ਲਈ ਤੈਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਸੇਵਕ ਬਣ ਜਾਵੇਂ,
ਪਰ ਕਦੀ ਵੀ ਉਨ੍ਹਾਂ ਲਈ ਭਾਰ ਨਾ ਬਣੇ।(125)

ਭਾਂਵੇ ਰੱਬ ਤਕ ਪਹੁੰਚਾਉਣ ਵਾਲਾ ਉਨ੍ਹਾਂ ਬਿਨਾ ਹੋਰ ਕੋਈ ਨਹੀਂ ਹੁੰਦਾ,
ਪਰ ਅਜਿਹੀ ਗੱਲ ਕਰਨਾ ਵੀ(ਉਨ੍ਹਾਂ ਲਈ) ਦੋਸ਼ ਹੈ।(126)

Even the humblest person at their shrine,
Is more prominent than any distinguished one in this world.(121)

Many discerning ones sacrifice themselves upon their avenues,
And the dust of their avenues is collyrium for my eyes.(122)

You, O My Obedient One, deliberate upon yourself like this,
So that, My Cherished One, you may become a discerning sage.(123)

These holy ones have many men as the servers,
As it is a person’s prerogative to render invocations.(124)

Therefore, it is imperative for you to become their attendant,
And never be a burden upon them.(125)

Although there can be none else to lead you to the Almighty,
But, even, to think in such terms is profanity.(126)

ਮੈਂ ਵੇਖਿਆ ਕਿ ਇਨ੍ਹਾਂ ਦਿਲਾਂ ਦੇ ਮਹਿਰਮਾਂ ਦੀ
ਸੰਗਤ ਦੀ ਬਖਸ਼ਿਸ਼ ਦੇ ਸਦਕੇ ਜ਼ੱਰਾ ਵੀ ਜਹਾਨ ਦਾ ਸੂਰਜ ਬਣ
ਗਿਆ।(127)

ਦਿਲ ਵਾਲਾ ਬੰਦਾ ਕੌਣ ਹੈ ਜਿਹੜਾ ਰੱਬ ਨੂੰ ਪਛਾਣਦਾ ਹੋਵੇ,
ਅਤੇ ਜਿਸ ਦੇ ਮੁਖੜੇ ਤੋਂ ਰੱਬ ਦਾ ਨੂਰ ਬਰਸਦਾ ਹੋਵੇ।(128)

ਉਨ੍ਹਾਂ ਦੀ ਸੰਗਤ ਤੈਨੂੰ ਰੱਬ ਦਾ ਪਿਆਰ ਬਖਸ਼ਦੀ ਹੈ,
ਉਨ੍ਹਾਂ ਦੀ ਸੰਗਤ ਰੱਬ ਦੀ ਕਿਤਾਬ ਤੋਂ ਤੈਨੂੰ ਸਬਕ ਦਿੰਦੀ ਹੈ(129)

ਉਹ ਤਾਂ ਜ਼ੱਰੇ ਨੂੰ ਚਮਕਦਾ ਸੂਰਜ ਬਣਾ ਦਿੰਦੇ ਹਨ।
ਮਿੱਟੀ ਨੂੰ ਸੱਚ ਦੀ ਰੌਸ਼ਨੀ ਨਾਲ ਨੂਰਾਨੀ ਬਣਾ ਦਿੰਦੇ ਹਨ।(130)

ਤੇਰੀ ਅੱਖ ਤਾਂ ਮਿੱਟੀ ਦੀ ਹੈ, ਪਰ ਉਸ ਵਿਚ ਨੂਰ ਰੱਬ ਦਾ ਹੈ,
ਉਸ ਵਿਚ ਚਾਰੇ ਦਿਸ਼ਾਂ ਅਤੇ ਨੌ-ਅਸਮਾਨ ਮੌਜੂਦ ਹਨ।(131)

ਉਨ੍ਹਾਂ ਦੀ ਸੇਵਾ ਰੱਬ ਦੀ ਬੰਦਗੀ ਹੈ,
ਕਿਉਂਕਿ ਉਹ ਉਸ ਸਰਬ-ਸ਼ਕਤੀਮਾਨ ਨੂੰ ਪਰਵਾਨ ਹੈ।(132)

I have perceived that the company of these confidants of hearts,
Make a speck, earn sun-like resplendence.(127)

Who is the man of God? The one who acknowledges the Almighty,
And whose semblance depicts the godly splendour.(128)

Their association lends you the affection of the Almighty,
And their alliance provides you with the lesson from the holy book.(129)

They endow an iota with the brilliance of the sun,
And turn the dust luminous with light of truthfulness.(130)

Your eye is made of dust, but in it dwells the godly brilliance.
And therein lodge all the four directions and the nine heavens.(131)

Their service is the epitome of the worship of the Almighty,
As that is acceptable to the omnipotent entity.(132)

ਤੂੰ ਵੀ ਬੰਦਗੀ ਕਰ ਤਾਂ ਜੋ ਉਸ(ਰੱਬ) ਅਗੇ ਪਰਵਾਨ ਹੋਵੇਂ,
ਉਸ ਦੀ ਕਦਰ ਹਰ ਮੂਰਖ ਕਿਵੇਂ ਸਮਝ ਸਕਦਾ ਹੈ?(133)

ਦਿਨ ਰਾਤ ਦਾ ਬਸ ਇਕੋ ਕੰਮ ਉਸ ਦੀ ਯਾਦ ਹੀ ਹੋਣਾ ਚਾਹੀਦਾ ਹੈ,
ਇਕ ਛਿਨ ਲਈ ਵੀ ਉਸ ਦੀ ਯਾਦ ਬਿਨਾਂ ਨਹੀਂ ਰਹਿਣਾ ਚਾਹੀਦਾ।(134)

ਉਨ੍ਹਾਂ ਦੇ ਨੇਤ੍ਰ ਰੱਬ ਦੇ ਦੀਦਾਰ ਨਾਲ ਰੋਸ਼ਨ ਹਨ,
ਉਹ ਭਾਵੇਂ ਭਿਖਾਰੀ ਦੇ ਭੇਖ ਵਿਚ ਹੋਣ, ਪਰ ਉਹ ਬਾਦਸ਼ਾਹ ਹੁੰਦੇ ਹਨ।(135)

ਪਾਤਸ਼ਾਹੀ ਉਹੀ ਹੀ ਹੈ ਜਿਹੜੀ ਸਦਾ ਕਾਇਮ ਰਹੇ,
ਅਤੇ ਰੱਬ ਦੀ ਪਾਕ ਪਵਿਤ੍ਰ ਜਾਤ ਵਾਂਗ ਹੀ ਕਾਇਮ ਰਹੇ।(136)

ਉਨ੍ਹਾਂ ਦੀ ਰਹੁ ਰੀਤੀ ਦਰਵੇਸ਼ਾਂ ਵਾਲੀ ਹੁੰਦੀ ਹੈ,
ਉਹ ਰੱਬ ਦੀ ਅੰਸ਼ ਹੁੰਦੇ ਹਨ ਅਤੇ ਸਭ ਨਾਲ ਉਨ੍ਹਾਂ ਦੀ ਅਪਣਤ ਹੁੰਦੀ ਹੈ।(137)

ਉਹ ਹਰ ਭਿਖਾਰੀ ਨੂੰ ਇੱਜ਼ਤ ਮਰਤਬਾ ਬਖਸ਼ਦੇ ਹਨ,
ਨਿਰਸੰਦੇਹ ਉਹ ਦੌਲਤ ਬਖਸ਼ਦੇ ਹਨ।(138)

You may also revel in his worship so that you too are embraced.
How can every mindless person grasp his worth?(133)

To recollect him day and night, should be your only motive.
One must not remain without his remembrance, even for a moment.(134)

Their eyes are glittering with the vision of the Almighty,
And they may be in the guise of the beggars, but they are the sovereigns.(135)

That kingdom is that, which persists for ever,
And remains invariable and pious like the celestial entity.(136)

They are the embodiment of piety.
They are the godly offspring and form the fraternity of all.(137)

They endow honour to all the supplicants,
And, without doubt, they hand out (celestial) wealth.(138)

ਤੁਛ ਬੰਦਿਆਂ ਨੂੰ ਉਹ ਪੂਰਨ ਗਿਆਨਵਾਨ ਬਣਾ ਦਿੰਦੇ ਹਨ,
ਬੇਦਿਲਾਂ ਨੂੰ ਉਹ ਦਿਲਾਂ ਦੇ ਮਾਲਕ ਬਣਾ ਦਿੰਦੇ ਹਨ।(139)

ਆਪਣੇ ਅੰਦਰੋਂ ਉਹ ਹਉਮੈ ਬਾਹਰ ਕੱਢ ਮਾਰਦੇ ਹਨ,
ਉਹ ਸੱਚ ਦੇ ਬੀਜ ਦਿਲਾਂ ਦੇ ਖੇਤਾਂ ਵਿਚ ਬੀਜਦੇ ਹਨ।(140)

ਉਹ ਆਪਣੇ ਆਪ ਨੂੰ ਅਸਲੋਂ ਤੁੱਛ ਸਮਝਦੇ ਹਨ,
ਉਹ ਦਿਨ ਰਾਤ ਰੱਬ ਦੇ ਸਿਮਰਨ ਵਿਚ ਲੀਨ ਰਹਿੰਦੇ ਹਨ।(141)

ਰੱਬ ਦੇ ਬੰਦਿਆਂ(ਸੰਤਾਂ) ਦੀ ਸਿਫਤ ਕਿਥੋਂ ਤਕ ਕਰਾਂ?
ਜੇ ਕਰ ਉਨ੍ਹਾਂ ਦੀਆਂ ਹਜ਼ਾਰਾਂ ਸਿਫ਼ਤਾਂ ਵਿਚੋਂ ਇਕ ਵੀ ਬਿਆਨ ਕਰ ਸਕਾਂ
ਤਾਂ ਭੀ ਚੰਗਾ ਹੈ।(142)

ਤੂੰ ਵੀ ਅਜਿਹਾ ਗੁਰਮੁਖ ਪਿਆਰੇ ਢੂੰਡ,ਕਿਹੜੇ ਪਿਆਰੇ?
ਜਿਹੜੇ ਸਦਾ ਜਿਊਂਦੇ ਹਨ। ਦੂਜੇ ਤਾਂ ਮੋਇਆਂ ਸਮਾਨ ਹਨ।(143)

ਕੀ ਤੈਨੂੰ ਜਿਉਣ ਦੇ ਅਰਥਾਂ ਦਾ ਪਤਾ ਹੈ?
(ਆ ਦੱਸਾਂ)ਜਿਉਣਾ ਉਹੀ ਸੁਭਾਗਾ ਹੈ ਜਿਹੜਾ ਉਸ ਰੱਬ ਦੀ ਯਾਦ ਵਿਚ
ਜੀਆ ਜਾਵੇ।(144)

They turn the paltry ones into the absolute enlightened ones,
And endow the heart-felt sincerity to the ones with no compassion.(139)

They get rid of the ego in their inner most,
And sow the seeds of truth in the fields of hearts.(140)

They deem themselves as fundamentally humble,
And whole day remain absorbed in the worship of the Almighty.(141)

How far could one go on complimenting the godly beings?
I will be lucky if I could relate just one out of thousands.(142)

You, as well, toil to search for some apostles; which ones?
The ones who are dynamic as the rest are all just deadbeat.(143)

Do you know the meanings of living?
Only that living is worth, which is spent in the recollection of the
Almighty.(144)

ਆਰਫ ਲੋਕ ਰੱਬ ਦੇ ਭੇਤ ਭਰੇ ਗਿਆਨ ਕਰਕੇ ਹੀ ਜ਼ਿੰਦਾ ਹਨ,
ਦੋਹਾਂ ਜਹਾਨਾਂ ਦੀ ਨਿਹਮਤ ਉਸ ਦੇ ਘਰ ਵਿਚ ਹੈ।(145)

ਜੀਵਨ ਦਾ ਅਰਥ ਹੀ ਰੱਬ ਦੀ ਯਾਦ ਹੈ।
ਇਸੇ ਕਰਕੇ ਹੀ ਸੰਤਾਂ ਦਾ ਜੀਵਨ ਹੈ।(146)

ਉਨ੍ਹਾਂ ਦਾ ਜ਼ਿਕਰ ਹਰ ਬੋਲਦੀ ਜੀਭਾ ਉਪਰ ਹੈ,
ਦੋਵੇਂ ਜਹਾਨ ਉਸ ਰੱਥ ਦੇ ਮਾਰਗ ਦੇ ਢੂੰਡਾਊ ਹਨ।(147)

ਸਾਰੇ ਉਸ ਜਲਾਲ ਵਾਲੇ ਰੱਬ ਦਾ ਸਿਮਰਨ ਕਰਦੇ ਹਨ,
ਤਾਂ ਤੇ ਸੁਭਾਗਾ ਹੈ ਅਜਿਹਾ ਸਿਮਰਨ ਅਤੇ ਸ਼ੁਭ ਹੈ ਅਜੇਹੀ ਚਰਚਾ।(148)

ਜੇਕਰ ਸੱਚ ਦੀ ਗੱਲ ਬਾਤ ਅਤੇ ਚਰਚਾ ਕਰਨੀ ਹੋਵੇ,
ਤਾਂ ਇਹ ਉਸ ਸਰਬ ਸ਼ਕਤੀਮਾਨ ਬਾਰੇ ਹੀ ਹੋ ਸਕਦਾ ਹੈ।(149)

ਨੇਕ ਉਮਰ ਨੂੰ ਅਜੇਹਾ (ਭਜਨ ਬੰਦਗੀ ਦਾ) ਸਰਮਾਇਆ
ਉਨ੍ਹਾਂ (ਸੰਤਾਂ) ਦੀ ਸੰਗਤ ਵਿਚੋਂ ਦੀ ਨਸੀਬ ਹੋਇਆ।(150)

The pious ones exist through the mystic knowledge of the Almighty,
As the bounty of both the domains is available in his abode.(145)

The essence of living is the realization of the godly remembrance,
And that is what the saintly beings are.(146)

Their recollection is pronounced by all the dynamic tongues,
And both the worlds are running to seek the divine path.(147)

All worship the glorious Almighty,
And auspicious is that reverence and propitious is that report.(148)

If you toil to deliberate on and discuss the truth,
It can be directed only towards that Omnipotent.(149)

The virtuous age has secured such wealth,
Only through the fraternity of holy congregation.(150)

